Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 29 30/05/2025 www.samajweekly.com samajweekly @samajweekly samajweekly

# ਕੈਨੇਡਾ ਦੇ ਜੰਗਲ 'ਚ ਭਿਆਨਕ ਅੱਗ

## 17 ਹਜ਼ਾਰ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਰਿਹਾ



**ਮੈਨੀਟੋਬਾ।** ਕੈਨੇਡਾ ਦੇ ਪੱਛਮੀ ਮੈਨੀਟੋਬਾ ਵਿੱਚ ਜੰਗਲ ਦੀ ਅੱਗ ਕਾਰਨ 17,000 ਤੋਂ ਵੱਧ ਲੋਕਾਂ ਨੂੰ ਇੱਕ ਸ਼ਹਿਰ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਮੈਨੀਟੋਬਾ ਦੇ ਪ੍ਰੀਮੀਅਰ ਵਾਬ ਕੀਨਿਊ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, "ਮੈਨੀਟੋਬਾ ਸਰਕਾਰ ਨੇ ਜੰਗਲ ਦੀ ਅੱਗ ਦੇ ਹਾਲਾਤਾਂ ਕਾਰਨ ਪੂਰੇ ਖੇਤਰ ਵਿੱਚ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕਰ ਦਿੱਤਾ ਹੈ। ਇਹ ਕੈਨੇਡਾ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਨਿਕਾਸੀ ਹੈ"। ਕੀਨਿਊ ਨੇ ਕਿਹਾ ਕਿ ਅੱਗ ਦੀਆਂ ਲਪਟਾਂ 121 ਫੁੱਟ ਤੋਂ ਵੱਧ ਉੱਚੀਆਂ ਸਨ, ਜਿਸ ਕਾਰਨ ਸੁਰੱਖਿਆ ਕਰਮਚਾਰੀਆਂ ਲਈ ਅੱਗ ਦੇ ਨੇੜੇ ਜਾਣਾ ਮੁਸ਼ਕਲ ਹੋ ਗਿਆ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਬੇਨਤੀ ਕੀਤੀ ਹੈ ਕਿ ਉਹ ਲੋਕਾਂ ਨੂੰ ਕੱਢਣ ਅਤੇ ਅੱਗ ਬੁਝਾਉਣ ਵਿੱਚ ਸਹਾਇਤਾ ਲਈ ਕੈਨੇਡੀਅਨ ਫ਼ੌਜ ਭੇਜਣ। ਫ਼ੌਜੀ ਜਹਾਜ਼ ਜਲਦੀ ਹੀ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲੈ ਜਾਣਗੇ। ਜ਼ਿਆਦਾਤਰ ਨਿਕਾਸੀ ਕੀਤੇ ਗਏ ਲੋਕਾਂ ਨੂੰ ਮੈਨੀਟੋਬਾ ਦੀ ਰਾਜਧਾਨੀ ਵਿਨੀਪੈਗ ਲਿਜਾਇਆ ਜਾਵੇਗਾ। ਕੈਨੇਡਾ ਵਿੱਚ ਇਸ ਵੇਲੇ 134 ਥਾਵਾਂ ਤੇ ਅੱਗ ਸਰਗਰਮ ਹੈ, ਜਿਨ੍ਹਾਂ ਵਿੱਚ ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਸਸਕੈਚਵਨ, ਮੈਨੀਟੋਬਾ ਅਤੇ ਓਨਟਾਰੀਓ ਸ਼ਾਮਲ ਹਨ। ਇਨ੍ਹਾਂ ਵਿੱਚੋਂ ਅੱਧੀਆਂ ਥਾਵਾਂ 'ਤੇ ਅੱਗ ਕਾਬੂ ਤੋਂ ਬਾਹਰ ਹੈ।

## ਯੂਕਰੇਨ-ਰੂਸ ਜੰਗ 'ਚ ਧੱਕੇ ਭਾਰਤੀ 15 ਮਹੀਨਿਆਂ ਤੋਂ ਲਾਪਤਾ

**ਨਵੀਂ ਦਿੱਲੀ।** ਯੂਕਰੇਨ ਅਤੇ ਰੂਸ ਵਿਚਕਾਰ ਜੰਗ ਕਾਰਨ ਦਰਜਨ ਤੋਂ ਵੱਧ ਭਾਰਤੀ ਪਰਿਵਾਰਾਂ ਦੀਆਂ ਆਸਾਂ ਵੀ ਧੁੰਦਲੀਆਂ ਹੁੰਦੀਆਂ ਜਾ ਰਹੀਆਂ ਹਨ ਕਿਉਂਕਿ ਉਨ੍ਹਾਂ ਦੇ ਜੀਅ ਬੀਤੇ 15 ਮਹੀਨਿਆਂ ਤੋਂ ਲਾਪਤਾ ਹਨ। ਜਾਣਕਾਰੀ ਮੁਤਾਬਕ ਇਹ ਵਿਅਕਤੀ ਭਾਰਤੀ ਏਜੰਟਾਂ ਦੇ ਹੱਥੇ ਚੜ੍ਹ ਕੇ ਜੰਗ 'ਚ ਧੱਕ ਦਿੱਤੇ ਗਏ। ਇਨ੍ਹਾਂ ਪਰਿਵਾਰਾਂ ਵੱਲੋਂ ਦਿੱਲੀ ਦੇ ਜੰਤਰ-ਮੰਤਰ 'ਤੇ ਬੁੱਧਵਾਰ ਨੂੰ ਪ੍ਰਦਰਸ਼ਨ ਕਰਕੇ ਆਪਣੇ ਜੀਆਂ ਦੇ ਥਹੁ-ਟਿਕਾਣੇ ਦਾ ਪਤਾ ਲਗਾਉਣ ਦੀ ਅਪੀਲ ਕੀਤੀ ਗਈ। ਇਕ ਵਿਅਕਤੀ ਜਗਦੀਪ ਕੁਮਾਰ, ਜਿਸ ਦਾ ਛੋਟਾ ਭਰਾ ਮਨਦੀਪ ਕੁਮਾਰ ਪਿਛਲੇ ਸਾਲ ਮਾਰਚ ਤੋਂ ਲਾਪਤਾ ਹੈ, ਨੇ ਕਿਹਾ ਕਿ ਉਹ ਸਿਰਫ਼ ਇਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਇਹ ਜਾਣਕਾਰੀ ਦਿੱਤੀ ਜਾਵੇ ਕਿ ਉਨ੍ਹਾਂ ਦੇ ਬੱਚੇ ਜਿਉਂਦੇ ਹਨ ਜਾਂ ਮਰ ਗਏ ਹਨ। ਪਰਿਵਾਰਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਜੀਆਂ ਨੂੰ ਕੁਝ ਏਜੰਟਾਂ ਨੇ ਯੂਰਪ 'ਚ ਵਧੀਆ ਨੌਕਰੀ ਦਾ ਝਾਂਸਾ



ਦੇ ਕੇ ਵਰਗਲਾ ਲਿਆ ਅਤੇ ਹਜ਼ਾਰਾਂ ਮੀਲ ਦੂਰ ਜੰਗ 'ਚ ਧੱਕ ਦਿੱਤਾ। ਕੁਝ ਪਰਿਵਾਰ ਇਸ ਆਸ 'ਚ ਰੂਸ ਵੀ ਹੋ ਆਏ ਹਨ ਕਿ ਉਨ੍ਹਾਂ ਦੇ ਜੀਆਂ ਦਾ ਪਤਾ ਲੱਗ ਸਕੇ ਜਾਂ ਮਾਸਕੋ 'ਚ ਭਾਰਤੀ ਸਫ਼ਾਰਤਖਾਨਾ ਉਨ੍ਹਾਂ ਦੀ ਕੁਝ ਮਦਦ ਕਰੇਗਾ। ਇਕ ਮਾਂ ਨੇ ਹੰਝੂ ਕੇਰਦਿਆਂ ਕਿਹਾ, "ਜਿਹੜੇ ਰੂਸ ਗਏ ਸਨ, ਉਨ੍ਹਾਂ ਹਰ ਥਾਂ 'ਤੇ ਸਹਾਇਤਾ ਦੀ ਅਪੀਲ ਕੀਤੀ ਪਰ ਕਿਤਿਉਂ ਵੀ ਕੋਈ ਸਾਥ ਨਹੀਂ ਮਿਲਿਆ। ਰੂਸ 'ਚ ਭਾਰਤੀ ਸਫ਼ਾਰਤਖਾਨੇ ਨੇ ਵੀ ਉਨ੍ਹਾਂ ਨੂੰ ਬਾਂਹ ਨਹੀਂ ਫੜਾਈ।" ਜਗਦੀਪ ਨੇ ਕਿਹਾ ਕਿ ਉਸ ਨੇ ਭਰਾ ਨੂੰ ਵਾਪਸ ਲਿਆਉਣ ਲਈ ਆਪਣਾ ਸਾਰਾ ਕੁਝ ਦਾਅ 'ਤੇ ਲਗਾ ਦਿੱਤਾ ਪਰ ਉਹ ਨਾਕਾਮ ਰਿਹਾ ਹੈ। ਜਗਦੀਪ ਨੇ ਦੋਸ਼ ਲਾਇਆ ਕਿ ਭਰਾ ਸਮੇਤ ਚਾਰ ਵਿਅਕਤੀਆਂ ਨੂੰ ਆਰਮੀਨੀਆ ਤੋਂ ਰੂਸ, ਫਿਨਲੈਂਡ ਅਤੇ ਜਰਮਨੀ ਹੁੰਦਿਆਂ ਇਟਲੀ ਭੇਜਣ ਦਾ ਝਾਂਸਾ ਦਿੱਤਾ ਗਿਆ ਸੀ। ਇਨ੍ਹਾਂ 'ਚੋਂ ਤਿੰਨ ਨੂੰ ਕੁਝ ਸ਼ੱਕ ਹੋਇਆ ਤਾਂ ਉਹ ਘਰ ਪਰਤ ਆਏ। ਉਨ੍ਹਾਂ ਕਿਹਾ ਕਿ ਗ਼ੈਰਕਾਨੂੰਨੀ ਪਰਵਾਸ ਲਈ ਡੰਕੀ ਰੂਟ ਦੀ ਵਰਤੋਂ ਕੀਤੀ ਜਾ ਰਹੀ ਸੀ। ਜਗਦੀਪ ਨੇ ਕਿਹਾ, "ਮੇਰਾ ਭਰਾ ਹਾਲੇ ਵੀ ਵਿਦੇਸ਼ 'ਚ ਹੈ। ਮੈਨੂੰ ਏਜੰਟਾਂ ਤੋਂ ਧਮਕੀਆਂ ਵਾਲੇ ਵੀਡੀਓ ਮਿਲ ਰਹੇ ਹਨ ਜੋ ਭਰਾ ਮਨਦੀਪ ਨੂੰ ਕੁੱਟਦੇ ਹੋਏ ਦੇਖੇ ਜਾ ਸਕਦੇ ਹਨ ਅਤੇ ਉਹ ਉਸ ਨੂੰ ਛੱਡਣ ਲਈ ਹੋਰ ਪੈਸਿਆਂ ਦੀ ਮੰਗ ਕਰ ਰਹੇ ਹਨ।" ਉਸ ਨੇ ਕਿਹਾ ਕਿ ਏਜੰਟਾਂ ਖ਼ਿਲਾਫ਼ ਉਸ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਉਂਝ ਇਕ ਐੱਫਆਈਆਰ ਪੰਜਾਬ 'ਚ ਦਰਜ ਹੋਈ ਸੀ ਅਤੇ ਕੁਝ ਏਜੰਟ ਗ੍ਰਿਫ਼ਤਾਰ ਵੀ ਹੋਏ ਸਨ ਪਰ ਉਨ੍ਹਾਂ ਦਾ ਵੱਡਾ ਨੈੱਟਵਰਕ ਹਾਲੇ ਵੀ ਸਰਗਰਮ ਹੈ। ਜਗਦੀਪ ਨੇ ਪਿਛਲੇ ਸਾਲ 3 ਮਾਰਚ ਨੂੰ ਆਪਣੇ ਭਰਾ ਨਾਲ ਗੱਲ ਕੀਤੀ ਸੀ। ਉਸ ਨੇ ਚੇਤੇ ਕਰਦਿਆਂ ਕਿਹਾ, "ਮਨਦੀਪ ਡਰਿਆ ਹੋਇਆ ਸੀ। ਉਸ ਨੂੰ ਏਜੰਟਾਂ ਨੇ ਰੂਸੀ ਫੌਜ ਵੱਲੋਂ ਲੜਨ ਲਈ ਮਜਬੂਰ ਕੀਤਾ ਅਤੇ ਉਸ ਨੇ ਯੂਕਰੇਨ ਦੀ ਸਰਹੱਦ ਨੇੜੇ ਸਿਖਲਾਈ ਸ਼ੁਰੂ ਕਰ ਦਿੱਤੀ ਹੈ।" ਇਸ ਮਗਰੋਂ ਉਸ ਨੂੰ ਫੋਨ ਆਉਣੇ ਬੰਦ ਹੋ ਗਏ।

## ਪਟਿਆਲਾ ਸੜਕ ਹਾਦਸੇ 'ਚ 3 ਦੀ ਮੌਤ, 4 ਜ਼ਖ਼ਮੀ



**ਪਟਿਆਲਾ।** ਪਟਿਆਲਾ ਦੇ ਬਹਾਦਰਗੜ੍ਹ ਕੋਲ ਵੱਡਾ ਸੜਕ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਿਸ ਵਿੱਚ 3 ਵਿਅਕਤੀਆਂ ਦੀ ਹੋਈ ਮੌਤ 4 ਹੋਏ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ ਹਨ। ਜਿਨਾਂ ਨੂੰ ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਜ਼ਖ਼ਮੀ ਨਵਨੀਤ ਕੌਰ, ਮਹਿਕ, ਸੁਖਚੈਨ ਸਿੰਘ ਅਤੇ ਅਮਨਦੀਪ ਸਿੰਘ ਪਟਿਆਲਾ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਜ਼ੇਰੇ ਇਲਾਜ ਹਨ। ਹਾਦਸੇ ਵਿੱਚ ਮ੍ਰਿਤਕਾਂ ਦੀ ਪਛਾਣ ਪਵਨ ਕੁਮਾਰ ਅਤੇ ਕੁਸਮ ਲਤਾ ਜੋ ਕਿ ਡੱਬ ਵਾਲੀ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ, ਜ਼ੇਰੇ ਇਲਾਜ ਸਿਧਾਂਤ ਬੱਬਰ ਦੀ ਵੀ ਹੋਈ ਮੌਤ ਹਾਦਸੇ ਦੇ ਵਿੱਚ ਕੁੱਲ ਤਿੰਨ ਮੌਤਾਂ ਹੋਈਆਂ ਹਨ।

# ਪੰਜਾਬ ਵਿਚ 5 ਦਿਨ ਤੇਜ਼ ਹਨ੍ਹੇਰੀ ਤੇ ਮੀਂਹ ਦਾ ਅਲਰਟ ਜਾਰੀ, ਮਾਨਸੂਨ 25 ਜੂਨ ਤੋਂ ਪਹਿਲਾਂ ਪਹੁੰਚਣ ਦੇ ਆਸਾਰ

**ਨਵੀਂ ਦਿਲੀ।** ਪੰਜਾਬ ਵਿਚ ਨਵੀਂ ਸਰਗਰਮ ਹੋਈ ਪੱਛਮੀ ਗੜਬੜੀ ਦਾ ਪ੍ਰਭਾਵ ਦਿਖਾਈ ਦੇਵੇਗਾ। ਅੱਜ, ਵੀਰਵਾਰ ਅਤੇ ਸ਼ੁੱਕਰਵਾਰ ਨੂੰ ਸੂਬੇ ਭਰ ਵਿੱਚ ਔਰੇਂਜ ਅਤੇ ਯੈਲੋ ਅਲਰਟ ਜਾਰੀ ਕੀਤੇ ਗਏ ਹਨ। ਜਦੋਂ ਕਿ ਸੂਬੇ ਵਿੱਚ 3 ਜੂਨ ਤੱਕ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਸ ਵਾਰ ਭਾਰਤ ਵਿੱਚ ਮਾਨਸੂਨ ਵੀ ਤੇਜ਼ ਰਫ਼ਤਾਰ ਨਾਲ ਅੱਗੇ ਵਧ ਰਿਹਾ ਹੈ ਅਤੇ ਸਮੇਂ ਤੋਂ ਪਹਿਲਾਂ ਹੀ ਆ ਰਿਹਾ ਹੈ। ਅੰਦਾਜ਼ਾ ਹੈ ਕਿ ਇਹ 25 ਜੂਨ ਤੋਂ ਬਾਅਦ ਪੰਜਾਬ ਵਿੱਚ ਦਸਤਕ ਦੇ ਸਕਦਾ ਹੈ। ਮੌਸਮ ਵਿਗਿਆਨ ਕੇਂਦਰ ਦੇ ਅਨੁਸਾਰ, ਅੱਜ ਪੰਜਾਬ ਦੇ 6 ਜ਼ਿਲ੍ਹਿਆਂ - ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ ਅਤੇ ਹੁਸ਼ਿਆਰਪੁਰ ਵਿੱਚ ਇੱਕ ਔਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਇੱਥੇ 50-60 ਕਿਲੋਮੀਟਰ ਦੀ ਰਫ਼ਤਾਰ ਨਾਲ ਹਵਾਵਾਂ ਚੱਲ ਸਕਦੀਆਂ ਹਨ ਅਤੇ ਮੀਂਹ ਪੈਣ ਦੀ ਵੀ ਸੰਭਾਵਨਾ ਹੈ। ਜਦੋਂ ਕਿ ਪੰਜਾਬ ਦੇ ਬਾਕੀ ਸਾਰੇ ਜ਼ਿਲ੍ਹਿਆਂ ਵਿੱਚ ਯੈਲੋ ਅਲਰਟ ਜਾਰੀ ਕੀਤਾ



ਗਿਆ ਹੈ। ਪਿਛਲੇ ਕੁਝ ਦਿਨਾਂ ਤੋਂ ਮੀਂਹ ਨਾ ਪੈਣ ਕਾਰਨ ਤਾਪਮਾਨ ਲਗਾਤਾਰ ਵਧ ਰਿਹਾ ਹੈ। ਬੁੱਧਵਾਰ ਸ਼ਾਮ ਨੂੰ ਸੂਬੇ ਵਿੱਚ ਔਸਤ ਵੱਧ ਤੋਂ ਵੱਧ ਤਾਪਮਾਨ 1.9 ਡਿਗਰੀ ਸੈਲਸੀਅਸ ਵਧਿਆ, ਹਾਲਾਂਕਿ ਇਹ ਆਮ ਦੇ ਆਸ-ਪਾਸ ਰਿਹਾ। ਸੂਬੇ ਵਿੱਚ ਸਭ ਤੋਂ ਵੱਧ ਤਾਪਮਾਨ ਬਠਿੰਡਾ ਵਿੱਚ 43.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਪੰਜਾਬ ਦੇ ਮੌਸਮ ਵਿੱਚ ਬਦਲਾਅ ਦੇ ਪਿੱਛੇ ਪੱਛਮੀ ਗੜਬੜੀ ਦੇ ਨਾਲ-ਨਾਲ ਚੱਕਰਵਾਤੀ ਸਰਕੂਲੇਸ਼ਨ ਵੀ ਹੈ। ਇਸ ਵੇਲੇ, ਇਹ ਘੱਟ ਦਬਾਅ ਵਾਲਾ ਖੇਤਰ ਪੰਜਾਬ ਦੇ ਮਾਲਵਾ ਖੇਤਰ ਉੱਤੇ ਬਣਿਆ ਹੋਇਆ ਹੈ। ਇਹੀ ਕਾਰਨ ਹੈ ਕਿ ਪੰਜਾਬ ਤੋਂ ਬਾਅਦ ਵੀ ਸੂਬੇ ਵਿੱਚ ਮੀਂਹ ਅਤੇ ਤੇਜ਼ ਹਵਾਵਾਂ ਚੱਲ ਰਹੀਆਂ ਹਨ। ਮੌਨਸੂਨ ਦੀ ਰਫ਼ਤਾਰ ਸਮੇਂ ਤੋਂ ਪਹਿਲਾਂ ਹੈ। ਇਸ ਵੇਲੇ, ਕਈ ਸੂਬਿਆਂ ਵਿੱਚ, ਇਹ ਨਿਰਧਾਰਤ ਸਮੇਂ ਤੋਂ ਇੱਕ ਹਫ਼ਤਾ ਪਹਿਲਾਂ ਚੱਲ ਰਿਹਾ ਹੈ। ਜਿੱਥੇ ਮਾਨਸੂਨ 5 ਤੋਂ 10 ਜੂਨ ਦੇ ਵਿਚਕਾਰ ਆਉਣਾ ਸੀ, ਉੱਥੇ ਇਹ ਸਮੇਂ ਤੋਂ ਪਹਿਲਾਂ ਆ ਸਕਦਾ ਹੈ।

# ਜਲੰਧਰ: ਵਿਧਾਇਕ ਰਮਨ ਅਰੋੜਾ ਮਾਮਲੇ ਵਿੱਚ ਇੱਕ ਹੋਰ ਗ੍ਰਿਫ਼ਤਾਰੀ

**ਜਲੰਧਰ।** ਵਿਜੀਲੈਂਸ ਬਿਊਰੋ ਨੇ ਵੀਰਵਾਰ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਨਗਰ ਨਿਗਮ ਦੇ ਇੱਕ ਬਿਲਡਿੰਗ ਬ੍ਰਾਂਚ ਇੰਸਪੈਕਟਰ ਨੂੰ ਗ੍ਰਿਫ਼ਤਾਰ ਕੀਤਾ ਹੈ।ਨਗਰ ਨਿਗਮ ਇੰਸਪੈਕਟਰ ਹਰਪ੍ਰੀਤ ਕੌਰ ਤੋਂ ਵਿਜੀਲੈਂਸ ਬਿਊਰੋ ਦੀਆਂ ਟੀਮਾਂ ਪਿਛਲੇ ਦੋ ਦਿਨਾਂ ਤੋਂ ਪੁੱਛਗਿੱਛ ਕਰ ਰਹੀਆਂ ਸਨ। ਕੌਰ ਵਿਰੁੱਧ ਜਲੰਧਰ ਕੇਂਦਰੀ ਦੇ ਵਿਧਾਇਕ ਰਮਨ ਅਰੋੜਾ ਅਤੇ ਸਹਾਇਕ ਟਾਊਨ ਪਲੈਨਰ ਸੁਖਦੇਵ ਵਸ਼ਿਸ਼ਟ ਵੱਲੋਂ ਸ਼ਹਿਰ ਵਿੱਚ ਚਲਾਏ ਜਾ ਰਹੇ ਰੈਕੇਟ ਵਿੱਚ ਲੱਖਾਂ ਰੁਪਏ ਪ੍ਰਾਪਤ ਕਰਨ ਦੀਆਂ ਸ਼ਿਕਾਇਤਾਂ ਸਨ। ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਨੇ ਅੱਜ ਦੇਰ ਸ਼ਾਮ ਸਿਵਲ ਹਸਪਤਾਲ ਤੋਂ ਉਨ੍ਹਾਂ ਦੀ ਡਾਕਟਰੀ ਜਾਂਚ ਕਰਵਾਈ ਅਤੇ ਰਸਮੀ ਤੌਰ 'ਤੇ ਗ੍ਰਿਫ਼ਤਾਰ ਕਰ ਲਿਆ। ਅਰੋੜਾ, ਜਿਸ ਦੇ ਵਿਜੀਲੈਂਸ ਬਿਊਰੋ ਰਿਮਾਂਡ ਵਿਚ ਅੱਜ ਚਾਰ ਦਿਨ ਦਾ ਵਾਧਾ ਕੀਤਾ ਗਿਆ ਸੀ, ਨੂੰ ਵੀ ਰੋਜ਼ਾਨਾ ਜਾਂਚ ਲਈ ਸਿਵਲ ਹਸਪਤਾਲ ਲਿਆਂਦਾ ਗਿਆ। ਇਸ ਮਾਮਲੇ ਵਿੱਚ ਅਰੋੜਾ ਦੇ ਪੁੱਤਰ ਰਾਜਨ ਅਰੋੜਾ ਅਤੇ ਉਸ ਦੇ ਦੋ ਸਹਿਯੋਗੀਆਂ ਰਾਜੂ



ਮਦਾਨ ਅਤੇ ਮਹੇਸ਼ ਮਖੀਜਾ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ ਪਰ 23 ਮਈ ਨੂੰ ਅਰੋੜਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਹ ਫਰਾਰ ਹਨ। ਸਾਰੇ ਛੇ ਮੁਲਜ਼ਮਾਂ ਖਿਲਾਫ਼ ਦੋਸ਼ ਹੈ ਕਿ ਉਨ੍ਹਾਂ ਨੇ ਉਸਾਰੀ ਅਧੀਨ ਇਮਾਰਤਾਂ ਦੇ ਮਾਲਕਾਂ 'ਤੇ ਇਮਾਰਤੀ ਨਿਯਮਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਛੁਪਾਉਣ ਲਈ ਪੈਸੇ ਦੇਣ ਲਈ ਦਬਾਅ ਪਾਉਣ ਲਈ ਜਾਅਲੀ ਐੱਮਸੀ ਨੋਟਿਸਾਂ ਦੀ ਵਰਤੋਂ ਕੀਤੀ।

# ਟਾਂਡਾ 'ਚ 2 ਨਸ਼ਾ ਤਸਕਰਾਂ ਦਾ ਐਨਕਾਊਂਟਰ, ਪੁਲਿਸ ਵੱਲੋਂ ਜਵਾਬੀ ਫ਼ਾਇਰਿੰਗ ਦੌਰਾਨ ਇਕ ਜ਼ਖ਼ਮੀ

**ਟਾਂਡਾ।** ਟਾਂਡਾ ਉੜਮੁੜ 'ਚ ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਟਾਂਡਾ ਪੁਲਿਸ ਵੱਲੋਂ ਨਸ਼ਿਆਂ ਅਤੇ ਅਪਰਾਧਿਕ ਅਨਸਰਾਂ ਖਿਲਾਫ਼ ਵਿੱਢੀ ਗਈ ਮੁਹਿੰਮ ਤਹਿਤ ਅੱਜ ਟਾਂਡਾ ਪੁਲਿਸ ਨੇ ਵੇਟ ਖੇਤਰ ਅਧੀਨ ਪੈਂਦੇ ਟਾਹਲੀ ਧੁਸੀ ਬੰਨ੍ਹ ਤੇ ਦੋ ਨਸ਼ਾ ਤਸਕਰਾਂ ਨਾਲ ਐਨਕਾਊਂਟਰ ਕੀਤਾ। ਜਾਣਕਾਰੀ ਮੁਤਾਬਿਕ ਡੀਐੱਸਪੀ ਟਾਂਡਾ ਦਵਿੰਦਰ ਸਿੰਘ ਬਾਜਵਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਥਾਣਾ ਮੁਖੀ ਟਾਂਡਾ ਇੰਸਪੈਕਟਰ ਗੁਰਜਿੰਦਰਜੀਤ ਸਿੰਘ ਨਾਗਰਾ ਅਤੇ ਚੌਂਕੀ ਇੰਚਾਰਜ ਬਸਤੀ ਬੋਹੜ ਰਾਜੇਸ਼ ਕੁਮਾਰ ਟਾਂਡਾ ਸ੍ਰੀ ਹਰਗੋਬਿੰਦਪੁਰ ਸੜਕ 'ਤੇ ਧੁਸੀ ਬੰਨ੍ਹ ਨਜ਼ਦੀਕ ਗਸ਼ਤ 'ਤੇ ਸਨ ਕਿ ਮੋਟਰਸਾਈਕਲ ਸਵਾਰ ਆ ਰਹੇ ਦੋ ਵਿਅਕਤੀਆਂ ਨੂੰ ਟਾਂਡਾ ਪੁਲਿਸ ਨੇ ਰੋਕਣ ਦਾ ਇਸ਼ਾਰਾ ਕੀਤਾ, ਪ੍ਰੰਤੂ ਉਹ ਨਾ ਰੁਕੇ ਅਤੇ ਉਨ੍ਹਾਂ ਨੇ ਆਪਣਾ ਮੋਟਰਸਾਈਕਲ ਟਾਹਲੀ ਧੁੱਸੀ ਬੰਨ੍ਹ 'ਤੇ ਪਾ ਲਿਆ। ਪੁਲਿਸ ਨੇ ਪਿੱਛਾ ਕਰਦੇ ਹੋਏ ਉਨ੍ਹਾਂ ਤੱਕ



ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਉਨ੍ਹਾਂ ਨੇ ਪੁਲਿਸ 'ਤੇ ਫ਼ਾਇਰਿੰਗ ਕਰ ਦਿੱਤੀ। ਜਵਾਬ ਵਿੱਚ ਐੱਸ.ਐੱਚ.ਓ , ਟਾਂਡਾ ਗੁਰਜਿੰਦਰ ਸਿੰਘ ਦੀ ਨਾਗਰਾ ਪੁਲਿਸ ਟੀਮ ਨੇ ਵੀ ਫ਼ਾਇਰ ਕੀਤੇ। ਜਿਸ ਦੌਰਾਨ ਮੁਲਜ਼ਮ ਸਾਹਿਲ ਪੁੱਤਰ ਸ਼ਾਲੂ ਸੁਲਤਾਨ ਵਿੰਡ ਰੋਡ ਦੇ ਲੱਤ 'ਚ ਗੋਲੀ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਸਰਕਾਰੀ ਹਸਪਤਾਲ ਟਾਂਡਾ ਦਾਖ਼ਲ ਕਰਵਾਇਆ ਗਿਆ। ਇਸੇ ਤਰ੍ਹਾਂ ਹੀ ਪੁਲਿਸ ਨੇ ਕਾਫ਼ੀ ਜਦੋਂ ਜਹਿਦ ਉਪਰੰਤ ਦੂਸਰੇ ਲੁਟੇਰੇ ਜਗਦੀਸ਼ ਉਰਫ਼ ਹੀਰਾ ਵਾਸੀ ਸੁਲਤਾਨ ਵਿੰਡ ਰੋਡ ਅੰਮ੍ਰਿਤਸਰ ਨੂੰ ਗ੍ਰਿਫ਼ਤਾਰ ਕਰ ਲਿਆ। ਜਾਣਕਾਰੀ ਮੁਤਾਬਿਕ ਕਾਬੂ ਕੀਤੇ ਗਏ ਨਸ਼ਾ ਤਸਕਰਾਂ ਪਾਸੋਂ ਪੁਲਿਸ ਨੇ 70 ਗ੍ਰਾਮ ਹੈਰੋਇਨ ਤੇ 15,600 ਡਰੱਗ ਮਨੀ ਦੇ ਪੈਸੇ ਬਰਾਮਦ ਕੀਤੀ। ਜਾਣਕਾਰੀ ਮੁਤਾਬਕ ਉਕਤ ਦੋਨੋਂ ਲੁਟੇਰੇ ਹਿਸਟਰੀ ਸ਼ੂਟਰ ਹਨ ਅਤੇ ਇਨ੍ਹਾਂ ਉੱਪਰ ਅਪਰਾਧਿਕ ਘਟਨਾਵਾਂ ਦੇ ਕਈ ਮਾਮਲੇ ਦਰਜ ਹਨ। ਇਸ ਸਬੰਧੀ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ ਅਤੇ ਘਟਨਾ ਸਥਾਨ ਤੇ ਡੀਐਸਪੀ ਟਾਂਡਾ ਤੋਂ ਇਲਾਵਾ ਜ਼ਿਲਾ ਪੁਲਿਸ ਮੁਖੀ ਸੰਦੀਪ ਮਲਿਕ ਵੀ ਪਹੁੰਚ ਰਹੇ ਹਨ।


Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫ਼ਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਦੇਸ਼ ਵਿਚ ਕੋਰੋਨਾ ਕਾਰਨ 14 ਲੋਕਾਂ ਦੀ ਮੌਤ, 1324 ਸਰਗਰਮ ਮਾਮਲੇ

**ਨਵੀਂ ਦਿਲੀ।** ਦੇਸ਼ ਵਿਚ ਕੋਰੋਨਾ ਵਾਇਰਸ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਅੱਜ ਸਰਗਰਮ ਮਾਮਲਿਆਂ ਦੀ ਗਿਣਤੀ 1321 ਤੱਕ ਪਹੁੰਚ ਗਈ ਹੈ। ਸਭ ਤੋਂ ਵੱਧ 430 ਮਾਮਲੇ ਕੇਰਲ ਤੋਂ ਸਾਹਮਣੇ ਆਏ ਹਨ। ਐਕਟਿਵ ਮਾਮਲਿਆਂ ਦੇ ਮਾਮਲੇ ਵਿੱਚ ਮਹਾਰਾਸ਼ਟਰ ਦੂਜੇ ਸਥਾਨ 'ਤੇ ਹੈ। ਇੱਥੇ 385 ਮਰੀਜ਼ ਹਨ। ਇਨ੍ਹਾਂ ਵਿੱਚੋਂ 325 ਮਰੀਜ਼ ਇਕੱਲੇ ਮੁੰਬਈ ਵਿੱਚ ਹਨ। ਬੁੱਧਵਾਰ ਨੂੰ ਠਾਣੇ ਵਿੱਚ ਇੱਕ 67 ਸਾਲਾ ਵਿਅਕਤੀ ਦੀ ਮੌਤ ਹੋ ਗਈ। ਇਹ 25 ਮਈ ਨੂੰ ਕੀਤਾ ਗਿਆ ਸੀ। ਪ੍ਰੈਸ ਰਿਲੀਜ਼ ਦੇ ਅਨੁਸਾਰ, ਉਸਨੂੰ ਹਾਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਸੀ। ਉਸਨੇ ਕੋਵਿਡ ਟੀਕਾ ਵੀ ਨਹੀਂ ਲਗਾਇਆ ਸੀ। ਇਸ ਦੌਰਾਨ, ਬੁੱਧਵਾਰ ਨੂੰ ਚੰਡੀਗੜ੍ਹ ਵਿੱਚ ਇਲਾਜ ਦੌਰਾਨ ਉੱਤਰ ਪ੍ਰਦੇਸ਼ ਦੇ ਇੱਕ 40 ਸਾਲਾ ਵਿਅਕਤੀ ਦੀ ਮੌਤ ਹੋ ਗਈ। ਉਹ ਲੁਧਿਆਣਾ, ਪੰਜਾਬ ਵਿੱਚ ਕੰਮ



ਕਰਦਾ ਸੀ ਅਤੇ ਸਾਹ ਲੈਣ ਵਿੱਚ ਤਕਲੀਫ਼ ਦੀ ਸ਼ਿਕਾਇਤ ਤੋਂ ਬਾਅਦ, ਮਰੀਜ਼ ਨੂੰ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਉੱਥੇ ਉਸਦਾ ਟੈਸਟ ਕੋਰੋਨਾ ਪਾਜ਼ੀਟਿਵ ਆਇਆ। ਮਰਨ ਵਾਲਿਆਂ ਦੀ ਗਿਣਤੀ 14 ਤੱਕ ਪਹੁੰਚ ਗਈ ਹੈ। 26 ਮਈ ਨੂੰ ਜੈਪੁਰ ਵਿੱਚ ਦੋ ਕੋਰੋਨਾ ਮਰੀਜ਼ਾਂ ਦੀ ਮੌਤ ਹੋ ਗਈ। ਉਨ੍ਹਾਂ ਵਿੱਚੋਂ ਇੱਕ ਰੇਲਵੇ ਸਟੇਸ਼ਨ 'ਤੇ ਮ੍ਰਿਤਕ ਪਾਇਆ ਗਿਆ। ਉਸਦੀ ਕੋਰੋਨਾ ਰਿਪੋਰਟ ਪਾਜ਼ੀਟਿਵ ਆਈ ਹੈ। ਦੂਜੀ ਮੌਤ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ 26 ਸਾਲਾ ਨੌਜਵਾਨ ਦੀ ਸੀ। ਉਹ ਪਹਿਲਾਂ ਹੀ ਟੀਬੀ ਤੋਂ ਪੀੜਤ ਸੀ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪਾਕਿਸਤਾਨੀ ਲਈ ਜਾਸੂਸੀ ਕਰਨ ਵਾਲਾ ਨੌਜਵਾਨ ਹਿਮਾਚਲ ਤੋਂ ਗ੍ਰਿਫ਼ਤਾਰ

**ਨਵੀਂ ਦਿਲੀ।**
ਭਾਰਤ 'ਚ ਪਾਕਿਸਤਾਨ ਲਈ ਕੰਮ ਕਰਨ ਵਾਲੇ ਜਾਸੂਸਾਂ ਦੀ ਗਿਣਤੀ ਦਿਨ ਪ੍ਰਤੀ ਦਿਨ ਵੱਧ ਰਹੀ ਹੈ। ਜੋ ਕਿ ਚਿੰਤਾ ਦਾ ਵਿਸ਼ਾ ਹੈ। ਜਿਸ ਵਿਚ ਪੰਜਾਬ, ਹਰਿਆਣਾ, ਰਾਜਸਥਾਨ ਆਦਿ ਸਮੇਤ ਕਈ ਸੂਬਿਆਂ ਤੋਂ ਭਾਰਤ ਦੀ ਖ਼ੁਫ਼ੀਆ ਏਜੰਸੀ ਵਲੋਂ ਪਾਕਿਸਤਾਨੀ ਜਾਸੂਸ ਗ੍ਰਿਫ਼ਤਾਰ ਕੀਤੇ ਹਨ। ਅਜਿਹੇ ਸੂਬਿਆਂ ਵਿਚ ਹੁਣ ਹਿਮਾਚਲ ਪ੍ਰਦੇਸ਼ ਦਾ ਨਾਂਅ ਵੀ ਜੁੜ ਗਿਆ ਹੈ।

ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਵਿਚ ਇਕ ਨੌਜਵਾਨ ਨੂੰ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਸ਼ੱਕ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਨੌਜਵਾਨ 'ਤੇ ਪਾਕਿਸਤਾਨ ਵਿਚ ਬੈਠੇ ਏਜੰਟਾਂ ਨੂੰ ਭਾਰਤ ਦੀ ਸੰਵੇਦਨਸ਼ੀਲ ਜਾਣਕਾਰੀ ਭੇਜਣ ਦਾ ਦੋਸ਼ ਹੈ। ਕਾਂਗੜਾ ਦੇ ਐਸਪੀ ਮਯੰਕ ਚੌਧਰੀ ਨੇ ਕਿਹਾ ਹੈ ਕਿ ਨੌਜਵਾਨ ਨੂੰ ਬੁਧਵਾਰ ਸਵੇਰੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਦੇ ਮੋਬਾਈਲ ਤੋਂ ਕਈ ਸੰਵੇਦਨਸ਼ੀਲ ਦਸਤਾਵੇਜ਼ ਅਤੇ ਫ਼ੋਟੋਆਂ ਬਰਾਮਦ ਕੀਤੀਆਂ ਗਈਆਂ ਹਨ। ਇਹ ਡੇਟਾ ਜਾਂਚ ਲਈ ਫੋਰੈਂਸਿਕ ਲੈਬ ਵਿਚ ਭੇਜਿਆ ਗਿਆ ਹੈ। ਅੱਜ ਦੋਸ਼ੀ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ ਅਤੇ ਰਿਮਾਂਡ ਦੀ ਮੰਗ ਕੀਤੀ ਜਾਵੇਗੀ। ਦੋਸ਼ੀ ਦੀ ਪਛਾਣ ਅਭਿਸ਼ੇਕ ਭਾਰਦਵਾਜ (20) ਵਜੋਂ ਹੋਈ ਹੈ, ਜੋ ਕਿ ਕਾਂਗੜਾ ਜ਼ਿਲ੍ਹੇ ਦੇ ਦੇਹਰਾ ਦੇ ਸੁਖਹਾਰ ਪਿੰਡ ਦਾ ਰਹਿਣ ਵਾਲਾ ਹੈ। ਪੁਲਿਸ ਅਨੁਸਾਰ, ਅਭਿਸ਼ੇਕ ਕਾਲਜ ਛੱਡ ਚੁੱਕਾ ਹੈ। ਉਹ ਆਨਲਾਈਨ ਮਾਧਿਅਮਾਂ ਰਾਹੀਂ ਦੇਸ਼ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੋ ਗਿਆ। ਫੇਸਬੁੱਕ 'ਤੇ ਉਸ ਦੇ 3092 ਦੋਸਤ ਹਨ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਵਿਚ ਪਾਕਿਸਤਾਨੀਆਂ ਦੀ ਹੈ। ਕਾਂਗੜਾ ਦੇ ਐਸਪੀ ਅਨੁਸਾਰ, ਆਪ੍ਰੇਸ਼ਨ ਸਿੰਦੂਰ ਤੋਂ ਬਾਅਦ, ਪੁਲਿਸ ਸਾਰੀਆਂ ਆਨਲਾਈਨ ਅਤੇ ਆਫ਼ਲਾਈਨ ਗਤੀਵਿਧੀਆਂ 'ਤੇ ਨਜ਼ਰ ਰੱਖ ਰਹੀ ਹੈ। ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਡੇਹਰਾ ਦਾ ਇਕ ਨੌਜਵਾਨ ਦੇਸ਼ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੈ। ਉਹ ਭਾਰਤ ਦੀ ਸੁਰੱਖਿਆ ਨਾਲ ਸਬੰਧਤ ਜਾਣਕਾਰੀ ਪਾਕਿਸਤਾਨ ਭੇਜ ਰਿਹਾ ਹੈ। ਇਸ ਜਾਣਕਾਰੀ 'ਤੇ, ਉਸ




ਨੌਜਵਾਨ ਦੀ ਨਿਗਰਾਨੀ ਸ਼ੁਰੂ ਕੀਤੀ ਗਈ ਸੀ। ਜਦੋਂ ਉਸ ਦੀ ਸੋਸ਼ਲ ਮੀਡੀਆ ਅਤੇ ਆਨਲਾਈਨ ਗਤੀਵਿਧੀ ਦੀ ਤਲਾਸ਼ੀ ਲਈ ਗਈ, ਤਾਂ ਨੌਜਵਾਨ ਦੀਆਂ ਗਤੀਵਿਧੀਆਂ ਸ਼ੱਕੀ ਲੱਗੀਆਂ। ਇਸ ਤੋਂ ਬਾਅਦ, ਉਸ ਨੂੰ ਬੁਧਵਾਰ ਤੜਕੇ ਉਸ ਦੇ ਘਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਐਸਪੀ ਦੇ ਅਨੁਸਾਰ, ਦੋਸ਼ੀ ਵਿਰਧ ਭਾਰਤੀ ਨਿਆਂ ਸੰਹਿਤਾ ਦੀ ਧਾਰਾ 152 ਬੀਐਨਐਸ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਵੱਲੋਂ ਸ਼ੁਰੂਆਤੀ ਜਾਂਚ ਵਿਚ ਖ਼ੁਲਾਸਾ ਹੋਇਆ ਹੈ ਕਿ ਦੋਸ਼ੀ ਨੌਜਵਾਨ ਕਾਲਜ ਛੱਡ ਚੁੱਕਾ ਹੈ। ਉਹ ਔਨਲਾਈਨ ਮਾਧਿਅਮ ਰਾਹੀਂ ਸ਼ੱਕੀ ਗਤੀਵਿਧੀਆਂ ਵਿੱਚ ਸ਼ਾਮਲ ਸੀ। ਦੋਸ਼ੀ ਤੋਂ ਪੁੱਛਗਿੱਛ ਜਾਰੀ ਹੈ। ਹਾਲਾਂਕਿ, ਹੁਣ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਉਸਨੇ ਕਿਸ ਦੇਸ਼ ਬਾਰੇ ਕਿਹੜੀ ਜਾਣਕਾਰੀ ਕਿਸ ਨੂੰ ਭੇਜੀ ਹੈ। ਇਸਦਾ ਪਤਾ ਲਗਾਉਣ ਲਈ, ਪੁਲਿਸ ਉਸ ਦੇ ਰਿਮਾਂਡ ਦੀ ਮੰਗ ਕਰੇਗੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਪੁਲਿਸ ਰਾਜ ਅਤੇ ਕੇਂਦਰੀ ਖੁਫੀਆ ਏਜੰਸੀਆਂ ਤੋਂ ਮਦਦ ਲੈ ਰਹੀ ਹੈ। ਡੇਹਰਾ ਦੇ ਡੀਐਸਪੀ ਰਾਜ ਕੁਮਾਰ ਨੇ ਇਹ ਵੀ ਕਿਹਾ ਹੈ ਕਿ ਦੋਸ਼ੀ ਨੇ ਸ਼ੱਕੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਗੱਲ ਕਬੂਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਸਾਂਝੀ ਕੀਤੀ ਹੈ। ਅੱਜ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰ ਕੇ ਰਿਮਾਂਡ 'ਤੇ ਲਿਆ ਜਾਵੇਗਾ। ਉਸ ਤੋਂ ਬਾਅਦ ਹੋਰ ਜਾਣਕਾਰੀ ਮਿਲੇਗੀ।

## ਜੰਮੂ-ਕਸ਼ਮੀਰ ਦੇ ਸ਼ੋਪੀਆਂ ਵਿਚ ਲਸ਼ਕਰ ਦੇ ਦੋ ਅਤਿਵਾਦੀ ਗ੍ਰਿਫ਼ਤਾਰ



**ਜੰਮ।** ਸੁਰੱਖਿਆ ਬਲਾਂ ਨੇ ਜੰਮੂ-ਕਸ਼ਮੀਰ ਦੇ ਸ਼ੋਪੀਆਂ ਵਿੱਚ ਲਸ਼ਕਰ-ਏ-ਤੋਇਬਾ (ਲ਼ਇਠ) ਨਾਲ ਸਬੰਧਤ ਦੋ ਅਤਿਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕੋਲੋਂ ਦੋ ਏਕੇ-56 ਰਾਈਫ਼ਲਾਂ, ਚਾਰ ਮੈਗਜ਼ੀਨ, 7.62×39 ਐਮਐਮ ਦੇ 102 ਕਾਰਤੂਸ, ਦੋ ਹੈਂਡ ਗ੍ਰਨੇਡ, 5,400 ਰੁਪਏ ਨਕਦ, ਇੱਕ ਮੋਬਾਈਲ ਫ਼ੋਨ, ਇੱਕ ਸਮਾਰਟਵਾਚ ਅਤੇ ਇੱਕ ਆਧਾਰ ਕਾਰਡ ਬਰਾਮਦ ਕੀਤੇ ਗਏ ਹਨ। ਅਤਿਵਾਦੀਆਂ ਦੀ ਪਛਾਣ ਇਰਫ਼ਾਨ ਬਸ਼ੀਰ ਅਤੇ ਉਜ਼ੈਰ ਸਲਾਮ ਵਜੋਂ ਹੋਈ ਹੈ। ਦੋਵਾਂ ਨੂੰ ਉਦੋਂ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਸ਼ੋਪੀਆਂ ਪੁਲਿਸ ਦੇ ਸਪੈਸ਼ਲ ਆਪ੍ਰੇਸ਼ਨ ਗਰੁੱਪ (ਸ਼ੌਘ), ਫ਼ੌਜ ਦੀ 44 ਰਾਸ਼ਟਰੀ ਰਾਈਫਲਜ਼ ( 44) ਅਤੇ ਛ੍ਰਫਢ ਦੀ 178 ਬਟਾਲੀਅਨ ਨੇ ਬਾਸਕੁਚਨ ਖੇਤਰ ਵਿੱਚ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ (ਛਅਸ਼ੌ) ਦੌਰਾਨ ਇਲਾਕੇ ਨੂੰ ਘੇਰ ਲਿਆ। ਇਸ ਦੌਰਾਨ ਇਕ ਬਾਗ਼ ਵਿਚ ਅਤਿਵਾਦੀਆਂ ਦੀਆਂ ਗਤੀਵਿਧੀਆਂ ਵੇਖੀਆਂ ਗਈਆਂ। ਸੁਰੱਖਿਆ ਬਲਾਂ ਨੇ ਅਤਿਵਾਦੀਆਂ ਨੂੰ ਘੇਰ ਲਿਆ, ਜਿਸ ਤੋਂ ਬਾਅਦ ਉਨ੍ਹਾਂ ਨੂੰ ਆਤਮ ਸਮਰਪਣ ਕਰਨਾ ਪਿਆ। ਅਤਿਵਾਦੀਆਂ ਵਿਰੁੱਧ ਸਬੰਧਤ ਧਾਰਾਵਾਂ ਤਹਿਤ ਐਫ਼ਆਈਆਰ ਦਰਜ ਕਰ ਲਈ ਗਈ ਹੈ। ਮਾਮਲੇ ਦੀ ਜਾਂਚ ਜਾਰੀ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸ਼੍ਰੀਮਤੀ ਕਮਲੇਸ਼ ਕੌਰ ਨੂੰ ਸੇਵਾਮੁਕਤੀ ਤੇ ਸਾਥੀ ਵਰਕਰਾਂ ਨੇ ਕੀਤਾ ਸਨਮਾਨਿਤ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਪ੍ਰਸਿੱਧ ਲੋਕ ਗਾਇਕ ਤਾਜ ਨਗੀਨਾ ਦੇ ਮਾਣਯੋਗ ਮਾਤਾ ਸ੍ਰੀਮਤੀ ਕਮਲੇਸ਼ ਕੌਰ ਜੀ (ਆਸ਼ਾ ਵਰਕਰ ) ਸਬ ਸੈਂਟਰ ਸੁਦਾਣਾ ਨੂੰ ਅੱਜ ਸੇਵਾ ਮੁਕਤੀ ਤੇ ਉਹਨਾਂ ਦੇ ਸਾਥੀ ਵਰਕਰਾਂ ਤੇ ਸਟਾਫ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਦੀਆਂ ਸੇਵਾਵਾਂ ਦੀ ਸਰਾਹਨਾ ਕਰਦਿਆਂ ਉਨਾਂ ਦੇ ਜੀਵਨ ਦੀ ਤੰਦਰੁਸਤੀ ਅਤੇ ਖੁਸ਼ਹਾਲੀ ਦੀ ਸਭਨਾਂ ਵਲੋਂ ਕਾਮਨਾ ਕੀਤੀ ਗਈ । ਇਸ ਮੌਕੇ ਵਿਸ਼ੇਸ਼ ਤੌਰ



ਤੇ ਮੈਡਮ ਬਲਜੀਤ ਕੌਰ ( ਏ.ਐਨ.ਐਮ), ਮੈਡਮ ਨਿਸ਼ਾ ਜੀ (ਸੀ.ਐਚ.ਓ) ਸ. ਸੁਖਵਿੰਦਰ ਸਿੰਘ (ਐਮ.ਪੀ.ਐਚ. ਡਬਲਿਊ) ਮਾਸਟਰ , ਨਵੀਨ ਕੁਮਾਰ , ਸਮਾਜ ਸੇਵੀ ਭੁਪਿੰਦਰ ਸਿੰਘ ਸਹੋਤਾ ,ਅਵਤਾਰ ਸੁਦਾਣਾ ਅਤੇ ਆਸਾ ਵਰਕਰਜ ਹਾਜ਼ਰ ਸਨ।

# ਕੌਮੀ ਇਨਸਾਫ ਮੋਰਚੇ ਦੇ ਸੱਦੇ ਤੇ ਬੀਕੇਯੂ ਤੋਤੇਵਾਲ ਵੱਲੋਂ ਪੰਜਾਬ ਭਰ ਚ ਕਈ ਸਬਡਵੀਜਨਾਂ ਤੇ ਦਿੱਤੇ ਗਏ ਚੇਤਾਵਨੀ ਪੱਤਰ-ਸੁੱਖ ਗਿੱਲ ਮੋਗਾ

## ਧਰਮਕੋਟ ਸਬਡਵੀਜਨ ਤੇ ਬੀਕੇਯੂ ਤੋਤੇਵਾਲ ਅਤੇ ਬੀਕੇਯੂ ਖੋਸਾ ਦੇ ਆਗੂ ਭਰੀ ਹਾਜ਼ਰੀ

**ਧਰਮਕੋਟ ( ਪੱਤਰ ਪ੍ਰੇਰਕ )**–ਅੱਜ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦੇ ਸੂਬਾ ਪ੍ਰਧਾਨ ਸੁਖ ਗਿੱਲ ਮੋਗਾ ਵੱਲੋਂ ਪੱਤਰਕਾਰਾਂ ਨੂੰ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਕੌਮੀ ਇਨਸਾਫ ਮੋਰਚਾ ਮੋਹਾਲੀ ਵੱਲੋਂ ਪੰਜਾਬ ਭਰ ਦੇ ਸਬ ਡਿਵੀਜ਼ਨਾਂ ਅਤੇ ਜਿਲ੍ਹ ਹੈੱਡ ਕੁਆਟਰਾਂ ਤੇ ਮਾਨਯੋਗ ਐਸ ਡੀ ਐਮਜ ਰਾਹੀਂ ਰਾਸ਼ਟਰਪਤੀ ਅਤੇ ਗਵਰਨਰ ਪੰਜਾਬ ਦੇ ਨਾਂ ਚਿਤਾਵਨੀ ਪੱਤਰ ਭੇਜੇ ਗਏ ਹਨ। ਜਿਨਾਂ ਵਿੱਚ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦੇ ਸੂਬਾ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਸਬ ਡਿਵੀਜ਼ਨ ਧਰਮਕੋਟ, ਮੋਗਾ, ਅਬੋਹਰ, ਪੱਟੀ, ਤਰਨ ਤਾਰਨ,ਫਾਜ਼ਲਕਾ,ਫਿਰੋਜ਼ਪੁਰ,ਅਤੇ ਹੋਰ ਕਈ ਸਬ ਡਿਵੀਜ਼ਨਾਂ ਦੇ ਵਿੱਚ ਕੌਮੀ ਇਨਸਾਫ ਮੋਰਚੇ ਦੀਆਂ ਧਾਰਮਿਕ ਜਥੇਬੰਦੀਆਂ ਅਤੇ ਭਰਾਤਰੀ ਕਿਸਾਨ ਜੱਥੇਬੰਦੀਆਂ ਨਾਲ ਰਲ ਕੇ ਰਾਸ਼ਟਰਪਤੀ



ਦੇ ਨਾਂ ਚੇਤਾਵਨੀ ਪੱਤਰ ਦਿੱਤੇ ਗਏ ਇਸ ਮੌਕੇ ਜਾਣਕਾਰੀ ਦਿੰਦਿਆਂ ਸੁੱਖ ਗਿੱਲ ਮੋਗਾ ਨੇ ਕਿਹਾ ਕੇ ਤਕਰੀਬਨ ਢਾਈ ਸਾਲ ਬੀਤ ਜਾਣ ਤੇ ਵੀ ਕੌਮੀ ਇਨਸਾਫ ਮੋਰਚਾ ਵੱਲੋਂ ਮੋਹਾਲੀ-ਚੰਡੀਗੜ੍ਹ ਦੀਆਂ ਬਰੂਹਾਂ ਤੇ ਧਰਨਾਂ ਚੱਲ ਰਿਹਾ ਹੈ ਅਤੇ ਬੰਦੀ ਸਿੰਘਾਂ ਦੀ ਰਿਹਾਈ,ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਇਨਸਾਫ ਮੰਗਿਆ ਜਾ ਰਿਹਾ ਹੈ ਪਰ ਨਾ ਤਾਂ ਪੰਜਾਬ ਸਰਕਾਰ ਅਤੇ ਨਾ ਹੀ ਕੇਂਦਰ ਸਰਕਾਰ ਇਸ ਗੱਲ ਨੂੰ ਗੰਭੀਰਤਾ ਨਾਲ ਲੈਂਦੀ ਹੈ ਇਸ ਲਈ ਅੱਜ ਰਾਸ਼ਟਰਪਤੀ ਦੇ ਨਾਮ ਤੇ ਪੰਜਾਬ ਦੇ ਸਾਰੇ ਐਸਡੀਐਮਜ ਰਾਹੀਂ ਚੇਤਾਵਨੀ ਪੱਤਰ ਭੇਜੇ ਗਏ ਹਨ ਇਸ ਮੌਕੇ ਮਨਦੀਪ ਸਿੰਘ ਮੰਨਾ ਬੱਡੂਵਾਲ,ਨਿਰਮਲ ਸਿੰਘ ਬੱਡੂਵਾਲ,ਬਲਜੀਤ ਸਿੰਘ ਜੁਲਕਾ ਤੋਤੇਵਾਲ,ਰਮਨਦੀਪ ਸਿੰਘ ਰਸੂਲਪੁਰ,ਗੁਰਵਿੰਦਰ ਸਿੰਘ ਮੂਸੇ ਵਾਲਾ,ਕੁਲਜੀਤ ਸਿੰਘ ਰੌਤਾ,ਚੰਦਨ ਦੀਪ ਰੌਤਾ,ਬਲਜਿੰਦਰ ਸਿੰਘ ਖਾਲਸਾ ਬੀਕੇਯੂ ਖੋਦਸਾ,ਕਮਰਦੀਪ ਸਿੰਘ ਸ਼ੇਰੇਵਾਲਾ,ਜੀਤ ਸਿੰਘ ਬਡੂ ਵਾਲਾ,ਗੁਰਨਾਮ ਸਿੰਘ ਅਬੋਹਰ,ਲਖਵਿੰਦਰ ਸਿੰਘ ਕਰਮੂਵਾਲਾ,ਪਰਮਜੀਤ ਸਿੰਘ ਗਦਾਈਕੇ,ਗੁਰਵਿੰਦਰ ਸਿੰਘ ਮੋਕਮ ਵਾਲਾ, ਰਣਜੀਤ ਸਿੰਘ ਚੱਕ ਤਾਰੇਵਾਲਾ ਅਤੇ ਕਈ ਹੋਰ ਆਗੂਆਂ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ।

# ਬੰਦਿਆਂ ਤੋਂ ਇਨਸਾਨ ਬਣਾਂਗੇ 30 ਮਈ ਨੂੰ




**ਰੰਚਣਾਂ (ਰਮੇਸ਼ਵਰ ਸਿੰਘ)** ਪਿੰਡ ਰਜਿੰਦਰਾ ਪੁਰੀ ( ਰੰਚਣਾਂ ) ਬਲਾਕ ਧੂਰੀ ਜਿਲ੍ਹਾ ਸੰਗਰੂਰ ਵਿਖੇ ਹਰ ਸਾਲ ਦੀ ਤਰ੍ਹਾਂ ਸ਼ਾਂਤੀ ਦੇ ਪੁੰਜ ਅਤੇ ਸ਼ਹੀਦਾਂ ਦੇ ਸਿਰਤਾਜ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਿਤੀ 30 - 05 - 2025 ਦਿਨ ਸ਼ੁਕਰਵਾਰ ਨੂੰ ਬੜੀ ਧੂਮ ਧਾਮ ਨਾਲ਼ ਮਨਾਇਆ ਜਾ ਰਿਹਾ ਹੈ । ਏਸੇ ਮੌਕੇ 'ਤੇ ਪਿੰਡ ਦੀ ਯੂਥ ਸਪੋਰਟਸ ਕਲੱਬ ( ਰਜਿ: ) ਵੱਲੋਂ ਆਪਣੇ ਸਰਪ੍ਰਸਤ ਅਤੇ ਪੰਜਾਬੀ ਸਾਹਿਤ ਸਭਾ ਧੂਰੀ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਦਾ ਕਾਵਿ ਸੰਗ੍ਰਹਿ " ਬੰਦੇ ਤੋਂ ਇਨਸਾਨ " ਵੀ ਲੋਕ ਅਰਪਣ ਕੀਤਾ ਜਾਵੇਗਾ । ਕਲੱਬ ਦੇ ਕਾਰਜਕਾਰੀ ਪ੍ਰਧਾਨ ਮਨਜਿੰਦਰ ਸਿੰਘ ਗਿੱਲ ਅਤੇ ਜਨਰਲ ਸਕੱਤਰ ਜਗਮੀਤ ਕੁਮਾਰ ਸ਼ਰਮਾ ਦੇ ਦੱਸਣ ਅਨੁਸਾਰ ਲੋਕ ਅਰਪਣ ਦੀ ਰਸਮ ਬਹੁਤ ਹੀ ਸਾਦੇ ਢੰਗ ਨਾਲ਼ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ ਕਮਲਾਂ ਵਿਖੇ ਇੱਕ ਪੁਸਤਕ ਭੇਂਟ ਕਰਕੇ ਕੀਤੀ ਜਾਵੇਗੀ ਅਤੇ ਜੇ ਪੀ ਪਬਲੀਕੇਸ਼ਨਜ਼ ਪਟਿਆਲਾ ਵੱਲੋਂ ਬਾਅਦ ਵਿੱਚ ਕਿਤਾਬਾਂ ਦੀ ਵਿੱਕਰੀ ਦੀ ਸ਼ੁਰੂਆਤ ਵੀ ਕੀਤੀ ਜਾਵੇਗੀ ।

# ਪੈਨਸ਼ਨਰ ਭਵਨ ਬਣਾਉਣ ਲਈ ਮੰਗ ਪੱਤਰ ਦਿੱਤਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਮਿਤੀ ਨੂੰ ਬਲਾਕ ਭਗਤਾ ਭਾਈਕਾ ਦੇ ਪੈਨਸ਼ਨਰ ਸਾਥੀਆਂ ਵੱਲੋਂ ਇਕੱਤਰ ਹੋ ਕੇ ਸ੍ਰ: ਜਤਿੰਦਰ ਸਿੰਘ ਜੀ ਭੋਲਾ ਚੇਅਰਮੈਨ ਨਗਰ ਸੁਧਾਰ ਬਠਿੰਡਾ ਜੀ ਦੇ ਗ੍ਰਹਿ ਕੋਠਾ ਗੁਰੂ ਵਿਖੇ ਉਨ੍ਹਾਂ ਨੂੰ ਭਗਤਾ ਭਾਈਕਾ ਵਿਖੇ ਪੈਨਸ਼ਨਰ ਭਵਨ ਬਣਾਉਣ ਲਈ ਮੰਗ ਪੱਤਰ ਦਿੱਤਾ ਗਿਆ। ਕਿਉਂਕਿ ਪੈਨਸ਼ਨਰਾਂ ਨੂੰ ਮਾਸਿਕ ਮੀਟਿੰਗ ਅਤੇ ਹੋਰ ਜ਼ਰੂਰੀ ਮੀਟਿੰਗਾਂ ਕਰਨ ਲਈ ਬਹੁਤ ਦਿੱਕਤ ਪੇਸ਼ ਆਉਂਦੀ ਹੈ। ਪਿਛਲੇ ਦਿਨੀ ਇਸ ਸੰਬੰਧੀ ਸਮੂਹ ਪੈਨਸ਼ਨਰਾਂ



ਨੇ ਅਖਬਾਰਾਂ ਵਿੱਚ ਰਿਪੋਰਟਾਂ ਪ੍ਰਕਾਸ਼ਿਤ ਕਰਵਾ ਕੇ ਵੀ ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਪੈਨਸ਼ਨਰ ਭਵਨ ਦੀ ਉਸਾਰੀ ਕਰਨ ਲਈ ਬੇਨਤੀ ਕੀਤੀ ਸੀ ਅਤੇ ਦੱਸਿਆ ਸੀ ਕਿ ਤਹਿਸੀਲ ਕੰਪਲੈਕਸ ਵਿੱਚ ਪੈਨਸ਼ਨਰ ਭਵਨ ਉਸਾਰਨ ਲਈ ਜਗ੍ਹਾ ਵਾਧੂ ਪਈ ਹੈ। ਇਸ ਮੰਗ ਪੱਤਰ ਵਿੱਚ ਪੈਨਸ਼ਨਰ ਯੂਨੀਅਨ ਭਗਤਾ ਭਾਈਕਾ ਵੱਲੋਂ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ, ਮਤੇ ਦੀ ਕਾਪੀ ਸਮੇਤ ਅਖਬਾਰਾਂ ਵਿੱਚ ਛਪੀਆਂ ਰਿਪੋਰਟਾਂ ਅਤੇ 101 ਪੈਨਸ਼ਨਰ ਸਾਥੀਆਂ ਵੱਲੋਂ ਕੀਤੇ ਦਸਤਖਤਾਂ ਦੀ ਸੂਚੀ ਦਿੱਤੀ ਗਈ । ਮਾਨਯੋਗ ਸ੍ਰ: ਜਤਿੰਦਰ ਸਿੰਘ ਜੀ ਭੋਲਾ ਸਾਹਿਬ ਨੇ ਪ੍ਰਸੰਨਤਾ ਪੂਰਵਕ ਮੰਗ ਪੱਤਰ ਪ੍ਰਵਾਨ ਕਰਕੇ ਪੂਰਨ ਵਿਸ਼ਵਾਸ ਦਿਵਾਇਆ ਕਿ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਬੇਨਤੀ ਕਰਕੇ ਪੈਨਸ਼ਨਰ ਭਵਨ ਦੀ ਇਮਾਰਤ ਜਲਦੀ ਤੋਂ ਜਲਦੀ ਉਸਾਰਨ ਲਈ ਉਪਰਾਲਾ ਕੀਤਾ ਜਾਵੇਗਾ। ਇਸ ਸਮੇ ਮਾਸਟਰ ਆਤਮ ਤੇਜ ਜੀ ਸ਼ਰਮਾ ਪ੍ਰਧਾਨ, ਮਾ. ਬੰਤਾ ਸਿੰਘ, ਮਾ. ਮਹਿੰਦਰ ਸਿੰਘ, ਮਾ. ਬਾਵਾ ਸਿੰਘ, ਭਾਈ ਮਹਿੰਦਰ ਸਿੰਘ ਖਾਲਸਾ ਅਤੇ ਸ੍ਰ: ਕੰਵਰ ਕੌਰ ਸਿੰਘ ਕੋਠਾ ਗੁਰੂ ਹਾਜ਼ਰ ਸਨ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮੁਫ਼ਤ ਮੈਡੀਕਲ ਚੈੱਕ ਅੱਪ ਕੈਂਪ ਦਾ ਪਿੰਡ ਦੂਲੋਵਾਲ ਵਿਖੇ ਆਯੋਜਨ

## 150 ਤੋਂ ਵੱਧ ਪਿੰਡ ਵਾਸੀਆਂ ਕਰਵਾਇਆ ਚੈੱਕ ਅਪ

**ਕਪੂਰਥਲ (ਕੌੜਾ)–** ਪਿੰਡ ਵਾਸੀਆਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਪਿੰਡ ਦੂਲੋਵਾਲ ਵਿਖੇ ਫਰੀ ਬੀਪੀ, ਸ਼ੂਗਰ ਅਤੇ ਹੱਡੀਆਂ ਦਾ ਚੈੱਕ ਅੱਪ ਕੈਂਪ ਜੇਜੇ ਟਰੋਮਾ ਸੈਂਟਰ ਅਤੇ ਥਿੰਦ ਹਸਪਤਾਲ ਵੱਲੋਂ ਲਗਾਇਆ ਗਿਆ। ਜਿਸ ਵਿਚ ਵੱਡੀ ਗਿਣਤੀ ਨਗਰ ਨਿਵਾਸੀਆਂ ਵੱਲੋਂ ਡਾਕਟਰੀ ਟੀਮ ਪਾਸੋਂ ਆਪਣਾ ਚੈਕ ਅੱਪ ਕਰਵਾਇਆ। ਇਸ ਮੌਕੇ ਹਰਮਿੰਦਰ ਸਿੰਘ ਦੂਲੋਵਾਲ ਨੇ ਕਿਹਾ ਕਿ ਆਪਣੇ ਨਗਰ ਨਿਵਾਸੀਆਂ ਦੀ ਸਿਹਤ ਨੂੰ ਸਹੀ ਤੇ ਤੰਦਰੁਸਤ ਰੱਖਣਾ ਵੀ ਉਹਨਾਂ ਦੀ ਆਪਣੀ ਇੱਕ ਜਿੰਮੇਂਵਾਰੀ ਹੈ । ਜਿਸ ਦੇ ਤਹਿਤ ਇਸ ਕੈਂਪ ਦਾ ਆਯੋਜਨ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਦੇ ਵਿੱਚ ਵੀ ਸਿਹਤ ਸੰਭਾਲ ਸਬੰਧੀ ਪ੍ਰੋਗਰਾਮ ਕਰਵਾਏ ਜਾਣਗੇ। ਜਿਸ ਨਾਲ ਲੋਕਾਂ ਨੂੰ ਫਾਇਦਾ ਮਿਲ ਸਕੇ। ਉਹਨਾਂ ਦੱਸਿਆ ਕਿ ਅੱਜ ਦੇ ਚੈਕ ਅੱਪ ਕੈਂਪ ਮੌਕੇ ਡਾਕਟਰ ਪਰਮਜੀਤ ਸਿੰਘ ,ਡਾਕਟਰ ਸਿਮਰਨਜੀਤ ਸਿੰਘ, ਡਾਕਟਰ ਤਜਿੰਦਰ ਸਿੰਘ ,ਗੁਰਸ਼ਰਨ ਕੌਰ, ਪੂਜਾ, ਮਨਪ੍ਰੀਤ ਕੌਰ, ਮਨਪ੍ਰੀਤ ਸਿੰਘ, ਪ੍ਰੀਤੀ ,ਰਵੀ ਆਦਿ ਤਜਰਬੇਕਾਰ ਡਾਕਟਰਾਂ ਦੀ ਟੀਮ ਵੱਲੋਂ 150 ਤੋਂ ਵੱਧ ਨਗਰ ਨਿਵਾਸੀਆਂ ਦਾ ਚੈੱਕ ਅਪ ਕੀਤਾ ਗਿਆ। ਜਿਨ੍ਹਾਂ ਨੂੰ ਸ਼ੂਗਰ ਅਤੇ ਬੀ ਪੀ ਦੀਆਂ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਮੁਫ਼ਤ ਚੈੱਕ ਅਪ ਕੈਂਪ ਦੀ ਸ਼ਲਾਘਾ ਕਰਦਿਆਂ ਪਿੰਡ ਵਾਸੀਆਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਖਾਸ ਤੌਰ ਤੇ ਡਾਕਟਰ ਹਰਮਿੰਦਰ ਦੂਲੋਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ । ਜਿਨਾਂ ਦੀ ਸੁਚੱਜੀ ਸੋਚ ਸਦਕਾ ਪਿੰਡ ਵਾਸੀਆਂ ਨੂੰ ਇਸ ਕੈਂਪ ਦਾ ਫਾਇਦਾ ਹੋਇਆ। ਉਹਨਾਂ ਕਿਹਾ ਕਿ ਬਹੁਤ ਸਾਰੇ ਲੋਕ ਸ਼ਹਿਰ ਜਾ ਕੇ ਆਪਣਾ ਚੈੱਕ ਅਪ ਨਹੀਂ ਕਰਵਾ ਸਕਦੇ । ਜਿਨਾਂ ਨੂੰ ਪਿੰਡ ਵਿੱਚ ਹੀ ਇਹ ਸਹੂਲਤ ਪ੍ਰਾਪਤ ਹੋਈ ਅਤੇ ਉਸ ਦਾ ਭਰਪੂਰ ਫਾਇਦਾ ਲਿਆ ਗਿਆ। ਇਸ ਮੌਕੇ ਦਲਜੀਤ ਸਿੰਘ ਸਾਬਕਾ ਸਰਪੰਚ, ਨਛੱਤਰ ਸਿੰਘ ਮੈਂਬਰ, ਅਵਤਾਰ ਸਿੰਘ, ਕੁਲਵੰਤ ਕੌਰ, ਨਵਜੋਤ ਸਿੱਧੂ ,ਕੁਲਵਿੰਦਰ ਸਿੰਘ, ਸ਼ੌਕਤ ਅਲੀ,ਗੁਰਚਰਨ ਸਿੰਘ, ਅਵਤਾਰ ਸਿੰਘ ਭੋਲਾ, ਸ਼ਰਨਜੀਤ ਸਿੰਘ, ਦੀਪੂ , ਜੋਗਾ, ਬੱਬਲਪ੍ਰੀਤ,ਗੁਰਦੀਪ ਸਿੰਘ, ਸਰਬਜੀਤ ਸਿੰਘ ਸੁਖਵਿੰਦਰ ਸਿੰਘ, ਰਣਜੀਤ ਸਿੰਘ, ਸਤਨਾਮ ਸਿੰਘ, ਗੁਰਦੀਪ ਸਿੰਘ ਪ੍ਰਧਾਨ, ਬੱਬਲ ਮੁੱਤੀ, ਸਰਬਜੀਤ ਸਾਬਾ,ਗੁਰਦੀਪ ਸਿੰਘ ਗੋਖਾ ਆਦਿ ਤੋਂ ਇਲਾਵਾ ਪਿੰਡ ਵਾਸੀ ਹਾਜਰ ਸਨ।


ਪਿੰਡ ਦੂਲੋਵਾਲ ਵਿਖੇ ਲਗਾਏ ਗਏ ਮੁਫਤ ਚੈੱਕ ਅਪ ਕੈਂਪ ਮੌਕੇ ਡਾਕਟਰੀ ਟੀਮ ਮਰੀਜ਼ਾਂ ਦਾ ਚੈੱਕ ਅਪ ਕਰਦੇ ਹੋਏ ਨਾਲ ਹਾਜਰ ਨਗਰ ਨਿਵਾਸੀ।

# ਜੀ ਡੀ ਗੋਇਨਕਾ ਸਕੂਲ ਵਿਖੇ ਇਨਵੈਸਚਰ ਸਮਾਰੋਹ ਦਾ ਆਯੋਜਨ



**ਕਪੂਰਥਲਾ (ਕੌੜਾ)–** ਜੀ.ਡੀ. ਗੋਇਨਕਾ ਇੰਟਰਨੈਸ਼ਨਲ ਸਕੂਲ, ਕਪੂਰਥਲਾ ਵਿਖੇ ਵਿਦਿਆਰਥੀ ਪ੍ਰੀਸ਼ਦ ਦੇ ਮੈਂਬਰਾਂ ਦੀ ਚੋਣ ਕੀਤੀ ਗਈ। ਇਸਦੇ ਲਈ, ਵਿਦਿਆਰਥੀਆਂ ਨੇ ਵੱਖ-ਵੱਖ ਸ਼੍ਰੇਣੀਆਂ (ਹੈੱਡ ਗਰਲ, ਹੈੱਡ ਬੁਆਏ, ਸਪੋਰਟਸ ਕੈਪਟਨ, ਹਾਊਸ ਕੈਪਟਨ ਆਦਿ) ਲਈ ਆਪਣੀਆਂ ਨਾਮਜ਼ਦਗੀਆਂ ਦਰਜ ਕਰਵਾਈਆਂ। ਵਿਦਿਆਰਥੀਆਂ ਦੀ ਯੋਗਤਾ ਦੇ ਆਧਾਰ 'ਤੇ ਅਧਿਆਪਕਾਂ ਅਤੇ ਪ੍ਰਬੰਧਕਾਂ ਨੇ ਉਕਤ ਅਸਾਮੀਆਂ ਲਈ ਯੋਗ ਉਮੀਦਵਾਰਾਂ ਦੀ ਚੋਣ ਕੀਤੀ ਅਤੇ ਚੁਣੇ ਗਏ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਅਤੇ ਸਹੁੰ ਚੁੱਕਣ ਲਈ ਸਕੂਲ ਵਿੱਚ ਇਨਵੈਸਚਰ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਕਰਯੋਗ ਹੈ ਕਿ 11ਵੀਂ ਜਮਾਤ ਦੇ ਵਿਦਿਆਰਥੀ ਗੁਰਸ਼ਾਨ ਸਿੰਘ ਨੂੰ ਹੈੱਡ ਬੁਆਏ, ਮਨਵੀਨ ਕੌਰ ਨੂੰ ਹੈੱਡ ਗਰਲ, ਏਕ-ਮਜੋਤ ਕੌਰ ਅਤੇ ਅਨਰੀਤ ਕੌਰ ਨੂੰ ਸੀਸੀਏ ਇੰਚਾਰਜ , ਅੰਸ਼ ਸੈਣੀ ਅਤੇ ਨਵਰੀਤ ਕੌਰ ਨੂੰ ਡਿਸੀਪਲਨ ਇੰਚਾਰਜ, ਗੁਰਮਨ ਸਿੰਘ ਅਤੇ ਏਕਮਪ੍ਰੀਤ ਕੌਰ ਨੂੰ ਸਪੋਰਟਸ ਕੈਪਟਨ ਚੁਣਿਆ ਗਿਆ। ਇਸ ਤੋਂ ਇਲਾਵਾ ਚਾਰ ਹਾਊਸ ਕੈਪਟਨ ਅਤੇ ਵਾਈਸ ਕੈਪਟਨ ਅਤੇ ਚਾਰ ਪ੍ਰੀਫ਼ੈਕਟ ਵੀ ਨਿਯੁਕਤ ਕੀਤੇ ਗਏ ਹਨ। ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਸ਼੍ਰੀਮਤੀ ਪਰਮਿੰਦਰ ਕੌਰ ਜੀ ਨੇ ਵੱਖ-ਵੱਖ ਅਹੁਦਿਆਂ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਬੈਚ ਲਗਾਏ ਕ

ਇਸ ਤੋਂ ਬਾਅਦ ਵਿਦਿਆਰਥੀ ਕੌਂਸਲ ਦੇ ਸਾਰੇ ਚੁਣੇ ਗਏ ਮੈਂਬਰਾਂ ਨੇ ਭਰੋਸਾ ਦਿੱਤਾ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਸਕੂਲ ਦੇ ਚੇਅਰਮੈਨ ਨੇ ਵਿਦਿਆਰਥੀਆਂ ਨੂੰ ਆਪਣੀ ਜ਼ਿੰਮੇਵਾਰੀ ਸੁਚਾਰੂ ਢੰਗ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਇਸ ਸਮਾਗਮ ਦੇ ਆਯੋਜਨ ਦਾ ਮੁੱਖ ਮੰਤਵ ਬੱਚਿਆਂ ਨੂੰ ਆਤਮ ਨਿਰਭਰ ਅਤੇ ਹੋਰ ਜ਼ਿੰਮੇਵਾਰ ਬਣਾਉਣਾ ਹੈ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

# ਆਮ ਨਾਗਰਿਕ ਵਾਂਗ ਗੱਡੀ ਚਲਾ ਕੇ ਨਾਮਾਂਕਨ ਪੱਤਰ ਭਰਨ ਪਹੁੰਚੇ ਐਡਵੋਕੇਟ ਘੁੰਮਣ

- ਵਿਰੋਧੀ ਪਾਰਟੀਆਂ ਵੱਲੋਂ ਮਿੱਟੀ ਦੇ ਖੜੇ ਕੀਤੇ ਮਹਿਲ ਡਿੱਗਣੇ ਸ਼ੁਰੂ ਹੋਏ
- ਇਸ ਵਾਰ ਪੰਜਾਬ, ਪੰਜਾਬੀਅਤ ਦੇ ਹੱਕ ਵਿੱਚ ਹੋਵੇਗਾ ਫੈਸਲਾ




ਅਪਣੇ ਨਾਮਾਂਕਨ ਪੱਤਰ ਦਾਖਲ ਕਰਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰਉਪਕਾਰ ਸਿੰਘ ਘੁੰਮਣ।

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਵਿਧਾਨ ਸਭਾ ਹਲਕਾ ਪੱਛਮੀ ਦੀ ਉੱਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਰੋਜ਼ਾਨਾ ਵਾਂਗ ਸਵੇਰੇ ਪਾਰਕ ਵਿੱਚ ਸੈਰ ਕਰਨ ਵੇਲੇ ਹਲਕੇ ਦੇ ਲੋਕਾਂ ਨਾਲ ਮੁਲਾਕਾਤ ਕਰਕੇ ਇਲਾਕੇ ਦੀਆਂ ਬੁਨਿਆਦੀ ਸਹੂਲਤਾਂ ਦੀ ਕਮੀ ਅਤੇ ਸਮੱਸਿਆਵਾਂ ਬਾਰੇ ਗੱਲਬਾਤ ਕੀਤੀ । ਐਡਵੋਕੇਟ ਘੁੰਮਣ ਨੇ ਉੱਪ ਚੋਣ ਲਈ ਅੱਜ ਆਪਣੇ ਨਾਮਾਂਕਨ ਪੱਤਰ ਦਾਖ਼ਲ ਕਰਨ ਤੋਂ ਪਹਿਲਾਂ ਪ੍ਰੀਵਾਰ ਸਮੇਤ ਦੁਰਗਾ ਮਾਤਾ ਮੰਦਿਰ ਭਾਈ ਰਣਧੀਰ ਸਿੰਘ ਨਗਰ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਭਗਵਾਨ ਬਾਲਮੀਕੀ ਜੀ ਮੰਦਿਰ ਜਵਾਹਰ ਨਗਰ ਕੈਂਪ ਵਿਖੇ ਮੱਥਾ ਟੇਕਿਆ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ। ਉਸ ਤੋਂ ਬਾਅਦ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਇੱਕ ਆਮ ਨਾਗਰਿਕ ਵਾਂਗ ਗੱਡੀ ਚਲਾ ਕੇ ਡਿਪਟੀ ਕਮਿਸ਼ਨ ਦਫਤਰ ਅਪਣਾ ਨਾਮਾਂਕਨ ਪੱਤਰ ਦਾਖਲ ਕਰਨ ਪੁੱਜੇ। ਇਸ ਵਕਤ ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਮੁਢਲੀ ਕਤਾਰ ਦੇ ਆਗੂ ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਜੱਥੇਦਾਰ ਹੀਰਾ ਸਿੰਘ ਗਾਬੜੀਆ, ਮਹੇਸ਼ਇੰਦਰ ਸਿੰਘ ਗਰੇਵਾਲ, ਪ੍ਰਿਤਪਾਲ ਸਿੰਘ ਪ੍ਰਧਾਨ ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਰਣਜੀਤ ਸਿੰਘ ਢਿੱਲੋਂ, ਭੁਪਿੰਦਰ ਸਿੰਘ ਭਿੰਦਾ, ਨਰੇਸ਼ ਧੀਗਾਨ, ਗੁਰਦੀਪ ਸਿੰਘ ਲੀਲ ਵੀ ਮੌਜੂਦ ਸਨ। ਇਸ ਮੌਕੇ ਐਡਵੋਕੇਟ ਘੁੰਮਣ ਨੇ ਸਭ ਤੋਂ ਪਹਿਲਾਂ ਪਾਰਟੀ ਦੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਜੋ ਮੈਨੂੰ ਹਲਕਾ ਪੱਛਮੀ ਤੋਂ ਚੋਣ ਲੜਨ ਦਾ ਮੌਕਾ ਮਿਲਿਆ ਹੈ ਉਹ ਪਾਰਟੀ ਦੇ ਕਾਰਨ ਹੀ ਮਿਲਿਆ ਹੈ। ਉਨ੍ਹਾ ਕਿਹਾ ਕਿ ਮੈਂ ਹਲਕਾ ਪੱਛਮੀ ਦੇ ਵੋਟਰਾਂ ਅਤੇ ਸਪੋਟਰਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਅਥਾਹ ਪਿਆਰ ਤੇ ਸਤਿਕਾਰ ਦਿੱਤਾ ਹੈ। ਐਡਵੋਕੇਟ ਘੁੰਮਣ ਨੇ ਕਿਹਾ ਕਿ ਵਿਰੋਧੀਆਂ ਵੱਲੋਂ ਝੂਠ ਅਤੇ ਫਰੇਬ ਦੀ ਰਾਜਨੀਤੀ ਕਰਕੇ ਉਸਾਰੇ ਮਹਿਲ ਡਿੱਗਣੇ ਸ਼ੁਰੂ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹੁਣ ਹਲਕਾ ਪੱਛਮੀ ਦੇ ਵੋਟਰਾਂ ਦਾ ਫਤਵਾ ਪੰਜਾਬ, ਪੰਜਾਬੀਅਤ ਹੱਕ ਵਿੱਚ ਹੋਵੇਗਾ। ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵਿੱਚ ਐਡਵੋਕੇਟ ਘੁੰਮਣ ਨੇ ਕਿਹਾ ਕਿ ਪਿਛਲੇ ਤਿੰਨ ਸਾਲ ਤੋਂ ਵੱਧ ਦੇ ਸਮੇਂ ਦੌਰਾਨ ਜੋ ਸੰਤਾਪ ਪੰਜਾਬ ਦੇ ਲੋਕਾਂ ਨੇ 'ਆਮ ਆਦਮੀ ਪਾਰਟੀ' ਦੇ ਕਾਰਜਕਾਲ ਦੌਰਾਨ ਅਪਣੇ ਪਿੰਡੇ ਤੇ ਹੰਢਾਇਆ ਉਹ ਕਿਸੇ ਤੋਂ ਛੁਪਾਇਆ ਨਹੀਂ ਜਾ ਸਕਦਾ। ਪੰਜਾਬ ਦੇ ਲੋਕ ਅੱਜ ਆਪਣੇ ਕੀਤੇ ਦਾ ਪਛਤਾਵਾ ਕਰ ਰਹੇ ਹਨ। ਪੰਜਾਬ ਅੰਦਰ ਲਾਅ ਐਂਡ ਆਡਰ ਦੀ ਸਥਿਤੀ ਨਾਂ ਬਰਾਬਰ ਹੈ। ਪੰਜਾਬ ਦੀ ਵਾਂਗਡੋਰ ਅੱਜ ਦਿੱਲੀ ਤੋਂ ਭਜਾਏ ਉਨ੍ਹਾਂ ਲੋਕਾਂ ਹੱਥ ਫੜਾਈ ਜਾ ਰਹੀ ਹੈ ਜਿਨ੍ਹਾਂ ਨੇ ਜ਼ੇਲ੍ਹ ਦੀਆਂ ਸਲਾਖਾਂ ਅੰਦਰ ਦਿਨ ਅਤੇ ਰਾਤਾਂ ਬਤੀਤ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦੇ ਰਾਜ ਵਿੱਚ ਕੀਤੇ ਗਏ ਵਿਕਾਸ ਦੇ ਕੰਮਾਂ ਨੂੰ ਅੱਜ ਵੀ ਯਾਦ ਕਰਦੇ ਹਨ ਅਤੇ ਚਾਹੁੰਦੇ ਹਨ ਕਿ ਆਉਣ ਵਾਲਾ ਸਮਾ ਇੱਕ ਵਾਰ ਫੇਰ ਸ਼੍ਰੋਮਣੀ ਅਕਾਲੀ ਦਲ ਦਾ ਹੋਵੇ। ਐਡਵੋਕੇਟ ਘੁੰਮਣ ਨੇ ਕਿਹਾ ਕਿ ਜਿਸ ਤਰ੍ਹਾਂ ਲੋਕਾਂ ਦਾ ਸਾਥ ਮਿਲ ਰਿਹਾ ਹੈ ਉਸ ਨਾਲ ਆਉਣ ਵਾਲੇ ਸਮੇਂ ਵਿੱਚ ਹਲਕਾ ਪੱਛਮੀ ਦੇ ਲੋਕਾਂ ਨੂੰ ਹਰ ਸੁੱਖ ਸਹੂਲਤ ਮਿਲੇਗੀ ਜਿਸ ਤੋਂ ਉਹ ਅਜੇ ਤੱਕ ਵਾਂਝੇ ਹਨ। ਉਨ੍ਹਾਂ ਹਲਕਾ ਪੱਛਮੀ ਦੇ ਵੋਟਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਅਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਤੋਂ ਪਹਿਲਾਂ ਇੱਕ ਵਾਰ ਜ਼ਰੂਰ ਸੋਚ ਲੈਣ ਕਿ ਇਲਾਕੇ ਦੇ ਭਵਿੱਖ ਬਾਰੇ ਕੌਣ ਸੋਚ ਸਕਦਾ ਹੈ। ਇਸ ਮੌਕੇ ਐਡਵੋਕੇਟ ਘੁੰਮਣ ਨੇ ਪੱਤਰਕਾਰ ਭਾਈਚਾਰੇ ਦਾ ਵੀ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ ਜਿਨ੍ਹਾਂ ਨੇ ਤੱਪਦੀ ਕੜਕ ਧੁੱਪ ਵਿੱਚ ਉਨ੍ਹਾਂ ਦੀ ਆਵਾਜ ਨੂੰ ਆਵਾਮ ਤੱਕ ਪਹੁੰਚਾਣ ਦਾ ਉਪਰਾਲਾ ਕੀਤਾ। ਇਸ ਮੌਕੇ ਐਡਵੋਕੇਟ ਘੁੰਮਣ ਨਾਲ ਵੱਡੀ ਗਿਣਤੀ ਵਿੱਚ ਵਕੀਲ ਭਾਈਚਾਰਾ ਵੀ ਹਾਜ਼ਰ ਸੀ।

# ਤਰਕਸ਼ੀਲ ਸੁਸਾਇਟੀ ਬਸੀ ਪਠਾਣਾਂ ਨੇ ਜਾਗਰੂਕਤਾ ਪ੍ਰੋਗਰਾਮ ਦਿੱਤਾ



**ਬਸੀ ਪਠਾਣਾ (ਰੋਮੀ ਘੜਾਮਾਂ):** ਸ.ਸ.ਸ.ਸ. ਸਕੂਲ (ਮੁੰਡੇ), ਬਸੀ ਪਠਾਣਾ ਵਿਖੇ ਚੰਡੀਗੜ੍ਹ ਜ਼ੋਨ ਮੁਖੀ ਅਜੀਤ ਪ੍ਰਦੇਸੀ ਦੀ ਅਗਵਾਈ ਵਿੱਚ ਇਕਾਈ ਵੱਲੋਂ ਵਹਿਮਾਂ ਭਰਮਾਂ, ਪਾਖੰਡਾਂ ਤੇ ਅੰਧਵਿਸ਼ਵਾਸਾਂ ਪ੍ਰਤੀ ਜਾਗਰੂਕਤਾ ਪ੍ਰੋਗਰਾਮ ਦਿੱਤਾ ਗਿਆ ਅਤੇ ਹੱਥ ਦੀ ਸਫ਼ਾਈ ਦੇ ਟ੍ਰਿੱਕਾਂ ਰਾਹੀਂ ਜਾਦੂ ਬਾਰੇ ਪਏ ਭੁਲੇਖਿਆਂ ਨੂੰ ਦੂਰ ਕੀਤਾ ਗਿਆ। ਇਕਾਈ ਮੁਖੀ ਹਰਨੇਕ ਸਿੰਘ ਵੱਲੋਂ 29 ਅਗਸਤ ਨੂੰ ਹੋਣ ਵਾਲੀ ਵਿਗਿਆਨਕ ਵਿਦਿਆਰਥੀ ਚੇਤਨਾ ਪਰਖ-ਪ੍ਰੀਖਿਆ ਵਿੱਚ ਭਾਗ ਲੈਣ ਲਈ ਵਿਦਿਆਰਥੀਆ ਨੂੰ ਪ੍ਰੇਰਿਤ ਕੀਤਾ ਗਿਆ। ਚੰਡੀਗੜ੍ਹ ਜ਼ੋਨ ਦੇ ਮਾਨਸਿਕ ਸਿਹਤ ਵਿਭਾਗ ਮੁਖੀ ਸੰਦੀਪ ਸਿੰਘ ਨੇ ਬੱਚਿਆ ਨੂੰ ਨਸ਼ਿਆਂ ਤੋਂ ਬਚਣ ਲਈ ਜਾਗਰੂਕ ਕੀਤਾ। ਲੈਕਚਰਾਰ (ਰਿਟਾ.) ਕਰਨੈਲ ਸਿੰਘ ਨੇ ਵਿਦਿਆਰਥੀਆ ਨੂੰ ਸਖ਼ਤ ਮਿਹਨਤ ਨਾਲ ਪੜ੍ਹਾਈ ਕਰਨ ਦਾ ਸੱਦਾ ਦਿੱਤਾ।ਇਸ ਤੋਂ ਇਲਾਵਾ ਕੁਲਵੰਤ ਸਿੰਘ ਨੇ ਵਹਿਮਾਂ ਭਰਮਾਂ ਤੋਂ ਦੂਰ ਰਹਿ ਕੇ ਵਿਗਿਆਨਕ ਸੋਚ ਅਪਨਾਉਣ ਲਈ ਸਮਝਾਇਆ। ਮੇਹਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਅਧਿਆਪਕ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਕਤ ਆਗੂਆਂ ਤੋਂ ਇਲਾਵਾ ਇਸ ਮੌਕੇ ਐਡਵੋਕੇਟ ਰਮਨਦੀਪ ਕੌਰ, ਅਵਤਾਰ ਸਿੰਘ, ਵਿਕਾਸ ਬਾਂਸਲ, ਮਨਜੀਤ ਸਿੰਘ, ਮਨਦੀਪ ਕੌਰ, ਗੁਰਮੀਤ ਕੌਰ, ਸ਼ੈਲੀ ਬੱਤਰਾ, ਪ੍ਰਿਤਪਾਲ ਕੌਰ, ਕਮਲੇਸ਼ ਕੁਮਾਰੀ, ਵਿਨੀਤ ਖਿੱਚੀ, ਰਵਨੀਤ ਕੌਰ ਅਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਗਾਇਕ ਤੇ ਕਾਮੇਡੀਅਨ ਕਾਸ਼ੀ ਰਾਮ ਚੰਨ ਦਾ ਗੀਤ " ਪੈਗ" 30 ਮਈ ਨੂੰ ਹੋਵੇਗਾ ਰਿਲੀਜ਼

**ਜਲੰਧਰ ( ਬਲਦੇਵ ਸਿੰਘ ਬੇਦੀ )** ਅੰਗਰੇਜ ਸੱਚ ਹੀ ਆਖ ਗਏ ਹਨ ਕਿ ਪੈਗ ਜਿੰਨਾ ਹਿਸਾਬ ਦੇ ਨਾਲ ਲਗਾਉਗੇ ਉਹਨਾਂ ਹੀ ਸਿਹਤ ਦੇ ਲਈ ਚੰਗਾ ਹੈ ਅਸਲ ਵਿੱਚ ਅੰਗਰੇਜਾਂ ਦੇ ਵੇਲੇ ਸ਼ਰਾਬ ਨੂੰ ਇੱਕ ਦਵਾਈ ਦੇ ਤੋਰ ਤੇ ਪੀਤਾ ਜਾਂਦਾ ਸੀ ਜਾ ਆਪਣੇ ਬਿਜਨਿਸ ਨੂੰ ਵਧਾਉਣ ਦੇ ਲਈ ਵੀ ਪੈਗ ਦਾ ਇਸਤਮਾਲ ਕੀਤਾ ਜਾਂਦਾ ਸੀ ਜਿਸ ਨਾਲ ਇੱਕ ਹੀ ਜਗਾ ਤੇ ਬੈਠ ਕੇ ਉਸ ਤੇ ਵਿਚਾਰ ਵਟਾਂਦਰਾਂ ਵੀ ਕੀਤਾ ਜਾਂਦਾ ਸੀ ਇਸ ਦੇ ਨਾਲ ਨਾਲ ਵਿਆਹ ਸ਼ਾਦੀਆਂ ਤੇ ਵੀ ਪੈਗ ਦਾ ਇਸਤਮਾਲ ਕੀਤਾ ਜਾਂਦਾ ਸੀ ਕਿ ਸਾਰੇ ਰਿਸ਼ਤੇਦਾਰ ਆਪਸ ਵਿੱਚ ਬੈਠ ਕੇ ਆਪਣੇ ਦੁੱਖ ਸੁੱਖ ਸਾਂਝੇ ਕਰ ਸਕਣ ਪਰ ਸਮਾਂ ਬਦਲਿਆ ਤੇ ਇਸ ਨੂੰ ਇੱਕ ਨਸ਼ੇ ਦੇ ਤੋਰ ਤੇ ਵੀ ਲੋਕਾਂ ਨੇ ਪੀਣਾ ਸ਼ੁਰੂ ਕਰ ਦਿੱਤਾ ਉਸ ਤੋਂ ਬਾਅਦ ਕੀ ਹਾਲ ਹੁੰਦਾ ਹੈ ਅਸੀਂ ਸਭ ਜਾਣਦੇ ਹਾ !ਪੰਜਾਬੀ ਸੰਗੀਤ ਇੰਡਸਟਰੀ ਵਿੱਚ ਇੰਟਰਨੈਸ਼ਨਲ ਕਮੇਡੀਅਨ ਗਾਇਕ ਕਾਂਸ਼ੀ ਰਾਮ ਚੰਨ ਦੇ ਨਵੇਂ ਟਰੈਕ "ਪੈੱਗ" ਦੀ ਸ਼ੂਟਿੰਗ ਖ਼ਤਮ ਹੋ ਚੁੱਕੀ ਹੈ ਤੇ ਗੀਤ ਰਿਲੀਜ਼ ਹੋਣ ਲਈ




ਬਿਲਕੁੱਲ ਤਿਆਰ ਭਰ ਤਿਆਰ ਹੈ ! ਗਾਇਕ ਕਾਸ਼ੀ ਰਾਮ ਚੰਨ ਦੇ ਜਾਣਕਾਰੀ ਦਿੰਦੇ ਹੋਏ ਦੱਸਿਆਂ ਕਿ "ਪੈਗ" ਗੀਤ ਦੇ ਨਾਮ ਤੋਂ ਹੀ ਪਤਾ ਚੱਲਦਾ ਹੈ ਕਿ ਗੀਤ ਕਿਸ ਤਰਾਂ ਦਾ ਹੋਵੇਗਾ ! ਇਹ ਗੀਤ ਐਚ ਏ ਰਿਕਾਰਡਸ ਕੰਪਨੀ, ਗਾਇਕ ਅਦਾਕਾਰ ਪ੍ਰੋਡਿਊਸਰ ਮਨੋਹਰ ਧਾਰੀਵਾਲ ਦੇ ਬੇਨਰ ਹੇਠ ਬਣ ਰਿਹਾ ਹੈ ਇਸ ਦੇ ਨਿਰਮਾਤਾ ਤੇ ਲੇਖਕ ਹਨ ਜਸ ਫੈਜਪੁਰੀ ! ਗਾਇਕ ਚੰਨ ਹੋਰਾਂ ਦੱਸਿਆਂ ਕਿ ਭਾਵੇ ਇਸ ਗੀਤ ਦਾ ਨਾਮ "ਪੈਗ" ਹੈ ਪਰ ਅਸੀਂ ਆਪਣੇ ਇਸ ਗੀਤ ਦੇ ਰਾਹੀ ਭਾਵੇਂ ਕਾਮੇਡੀ ਦੇ ਤੋਰ ਤੇ ਇਸ ਗੀਤ ਨੂੰ ਫ਼ਿਲਮਾਂਇਆ ਹੈ ਪਰ ਇਹ ਗੀਤ ਦਰਸ਼ਕਾਂ ਤੇ ਸਰੋਤਿਆਂ ਨੂੰ ਇੱਕ ਚੰਗਾ ਸੰਦੇਸ਼ ਵੀ ਦੇਵੇਗਾ ! ਇਹ ਗੀਤ 30 ਮਈ ਅੰਮ੍ਰਿਤਸਰ ਦੇ ਨਿਊ ਅੰਮ੍ਰਿਤਸਰ ਵਿੱਚ ਸੋਸ਼ਲ ਸਾਈਟਾਂ ਯੂ ਟਿਊਬ ਤੇ ਵਰਲਡ ਵਾਈਡ ਰਿਲੀਜ਼ ਕੀਤਾ ਜਾਵੇਗਾ।

ਇਸ ਗੀਤ ਦੇ ਵਿੱਚ ਵਿਸ਼ਵ ਪ੍ਰਸਿੱਧ ਕਮੇਡੀਅਨ ਸੁਰਿੰਦਰ ਫਰਿਸ਼ਤਾ ਲੀਡ ਰੋਲ ਦੇ ਵਿੱਚ ਲਾਜਵਾਬ ਕਮੇਡੀਅਨ ਕਰਦੇ ਹੋਏ ਨਜ਼ਰ ਆਉਣਗੇ ਇਹਨਾਂ ਤੋਂ ਇਲਾਵਾ ਕਾਮੇਡੀਅਨ ਚਾਚਾ ਬਿਸ਼ਨਾ,ਡੋਨ ਅਮਲੀ ,ਗੋਰਾ ਨਾਗੋਕੇ,ਜਤਿੰਦਰ ਢੋਟੀ,ਗਗਨ ਤਿੰਮੋਵਾਲ,ਮਾਸਟਰ ਜੈਕਸਨ ਸਿੰਘ,ਸਾਬੀ ਅਟਵਾਲ, ਸੁਮਨ ,ਗੱਬਰ ਗਿੱਦੂ,ਬਲਦੇਵ ਮੂਲੇਚੱਕ,ਜਗਜੀਤ ਸੰਧੂ ਸਮੇਤ ਵੱਖ ਵੱਖ ਕਲਾਕਾਰਾਂ ਵੱਲੋ ਭੂਮਿਕਾ ਨਿਭਾਈ ਗਈ। ਇਸ ਗੀਤ ਦੇ ਸੰਗੀਤਕਾਰ ਹਨ ਹਰੀ ਅਮਿਤ, ਨਿਰਦੇਸ਼ਕ ਮਲਕੀਤ ਸਿੰਘ, ਡੀ ਓ ਪੀ ਕਰਨ ਪੌਲ,ਮੇਕਅੱਪ ਆਰਟਿਸਟ ਰਜਨੀ ਵਰਮਾ ਹਨ !

ਸਮਾਜ ਵੀਕਲੀ ਨਿਊਜ਼

# ਓਹੜਪੁਰ ਸਕੂਲ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ "ਨਸ਼ਿਆਂ ਵਿਰੁੱਧ ਜੰਗ" ਤਹਿਤ ਸਰਕਾਰੀ ਮਿਡਲ ਸਮਾਰਟ ਸਕੂਲ ਓਹੜਪੁਰ ਬਲਾਕ ਟਾਂਡਾ-1 (ਹੁਸ਼ਿਆਰਪੁਰ) ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਕੂਲ ਇੰਚਾਰਜ ਸਰਦਾਰ ਹਰਮਿੰਦਰ ਸਿੰਘ ਦੀ ਸੁਚੱਜੀ ਅਗਵਾਈ ਵਿੱਚ, ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ, ਨੇਤਰਦਾਨ ਐਸੋਸੀਏਸ਼ਨ ਦੇ ਇੰਚਾਰਜ ਹਲਕਾ ਟਾਂਡਾ ਤੋਂ ਭਾਈ ਵਰਿੰਦਰ ਸਿੰਘ ਮਸੀਤੀ (ਸਟੇਟ ਅਵਾਰਡੀ) ਨੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਕੀਤੀ। ਇਸ ਮੌਕੇ ਸਕੂਲ ਮੁਖੀ ਸਰਦਾਰ ਹਰਮਿੰਦਰ ਸਿੰਘ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਕੀਤੇ ਗਏ ਯਤਨਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਸਕੂਲ ਮੁਖੀ ਸਰਦਾਰ ਹਰਮਿੰਦਰ ਸਿੰਘ, ਸ੍ਰੀ ਸਤੀਸ਼ ਕੁਮਾਰ, ਸ੍ਰੀਮਤੀ ਜੋਤੀ ਸੈਣੀ, ਸਰਦਾਰ ਨਵਦੀਪ ਸਿੰਘ, ਸ੍ਰੀਮਤੀ ਜਸਵੀਰ ਕੌਰ, ਸ੍ਰੀਮਤੀ ਦਲਜਿੰਦਰ ਕੌਰ ਅਤੇ ਐਸ.ਐਮ.ਸੀ. ਮੈਂਬਰ ਮੌਜੂਦ ਸਨ।

# 'ਹਰ ਸ਼ੁਕਰਵਾਰ ਡੇਂਗੂ ਤੇ ਵਾਰ' ਤਹਿਤ ਸਕੂਲਾਂ ਕਾਲਜਾਂ ਵਿੱਚ ਗਤੀਵਿਧੀਆਂ ਕੀਤੀਆਂ

**ਮਾਨਸਾ।** ਸਿਹਤ ਮੰਤਰੀ ਪੰਜਾਬ ਅਤੇ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਨਿਰਦੇਸ਼ ਅਨੁਸਾਰ 29 ਮਈ ਤੋਂ ‘ਹਰ ਸ਼ੁਕਰਵਾਰ ਡੇਂਗੂ ਤੇ ਵਾਰ' ਤਹਿਤ ਸ਼ੁਕਰਵਾਰ ਨੂੰ ਸਵੇਰੇ 9 ਵਜੇ ਤੋਂ 10 ਵਜੇ ਤੱਕ ਡੇਂਗੂ ਦੀ ਰੋਕਥਾਮ ਲਈ ਸਕੂਲਾਂ ਕਾਲਜਾਂ ਵਿੱਚ ਗਤੀਵਿਧੀਆਂ ਕੀਤੀਆਂ ਗਈਆਂ। ਇਸੇ ਤਹਿਤ ਮਾਨਸਾ ਜ਼ਿਲ੍ਹੇ ਵਿੱਚ ਅੱਜ ਸਿਵਲ ਸਰਜਨ ਡਾਕਟਰ ਅਰਵਿੰਦਪਾਲ ਸਿੰਘ ਦੀ ਰਹਿਨੁਮਾਈ ਹੇਠ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਸ੍ਰੀ ਸੰਤੋਸ਼ ਭਾਰਤੀ ਦੀ ਅਗਵਾਈ ਹੇਠ ਸਿਹਤ ਕਰਮਚਾਰੀਆਂ ਵੱਲੋਂ ਡੇਂਗੂ ਦੀ ਰੋਕਥਾਮ ਲਈ ਸਕੂਲਾਂ ਕਾਲਜਾਂ ਵਿੱਚ ਗਤੀਵਿਧੀਆਂ ਕੀਤੀਆਂ ਗਈਆਂ। ਸੀਨੀਅਰ ਮੈਡੀਕਲ ਅਫ਼ਸਰ ਡਾ. ਹਰਮਨਦੀਪ ਸਿੰਘ ਸਿਹਤ ਬਲਾਕ ਖਿਆਲਾ ਕਲਾਂ ਦੀ ਅਗਵਾਈ ਵਿੱਚ ਵੱਖ ਵੱਖ ਪਿੰਡਾਂ ਦੇ ਸਕੂਲਾਂ ਕਾਲਜਾਂ ਵਿੱਚ ਸਿਹਤ ਕਰਮਚਾਰੀਆਂ ਵੱਲੋਂ ਡੇਂਗੂ ਦੀ ਰੋਕਥਾਮ ਲਈ ਜਾਗਰੂਕਤਾ ਜਾਣਕਾਰੀ ਦਿੱਤੀ,



ਸਰਕਾਰੀ ਆਈ ਟੀ ਆਈ ਮਾਨਸਾ ਕੈਂਚੀਆਂ ਵਿਖੇ ਸਿਹਤ ਕਰਮਚਾਰੀ ਅਤੇ ਵਿਦਿਆਰਥੀ।

ਪੈਂਫਲਿਟ ਵੰਡੇ ਅਤੇ ਲਾਰਵਾ ਚੈੱਕ ਕੀਤਾ। ਇਸ ਸਬੰਧੀ ਸਰਕਾਰੀ ਆਈ ਟੀ ਆਈ ਮਾਨਸਾ ਕੈਂਚੀਆਂ ਅਤੇ ਮਾਤਾ ਈਸ਼ਰ ਕੌਰ ਨਰਸਿੰਗ ਕਾਲਜ ਤਾਮਕੋਟ ਵਿਖੇ ਜਾਣਕਾਰੀ ਦਿੰਦਿਆਂ ਸਿਹਤ ਸੁਪਰਵਾਈਜ਼ਰ ਸੁਖਪਾਲ ਸਿੰਘ ਨੇ ਕਿਹਾ ਕਿ ਡੇਂਗੂ ਇੱਕ ਮੱਛਰਾਂ ਤੋਂ ਫੈਲਣ ਵਾਲੀ ਬਿਮਾਰੀ ਹੈ ਅਤੇ ਇਸ ਤੋਂ ਬਚਣ ਲਈ ਸਭ ਤੋਂ ਜ਼ਰੂਰੀ ਹੈ ਕਿ ਆਪਣੇ ਆਲੇ-ਦੁਆਲੇ ਪਾਣੀ ਜਮ੍ਹਾ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ਼ ਪਾਣੀ ਵਿੱਚ ਪੈਦਾ ਹੁੰਦਾ ਹੈ, ਇਸ ਲਈ ਘਰਾਂ ਦੀਆਂ ਛੱਤਾਂ 'ਤੇ ਪਏ ਟਾਇਰਾਂ, ਗਮਲਿਆਂ, ਕੂਲਰਾਂ ਅਤੇ ਪਾਣੀ ਵਾਲੀਆਂ ਟੈਂਕੀਆਂ ਨੂੰ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਸਾਫ਼ ਕੀਤਾ ਜਾਵੇ। ਉਨ੍ਹਾਂ ਵਿਦਿਆਰਥੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰਾਂ ਅਤੇ ਆਂਢ-ਗੁਆਂਢ ਵਿੱਚ ਵੀ ਇਸ ਬਾਰੇ ਜਾਗਰੂਕਤਾ ਫੈਲਾਉਣ। ਇਸ ਦੇ ਨਾਲ ਹੀ ਸਕੂਲਾਂ ਕਾਲਜਾਂ ਵਿੱਚ ਪਾਣੀ ਖੜ੍ਹਨ ਵਾਲੀਆਂ ਥਾਵਾਂ ਤੇ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ ਸਫਾਈ ਰੱਖਣ ਬਾਰੇ ਪ੍ਰੇਰਿਤ ਕੀਤਾ ਗਿਆ। ਇਸ ਕੰਮ ਵਿੱਚ ਸਕੂਲਾਂ/ਕਾਲਜਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਇਸ ਮੁਹਿੰਮ ਵਿੱਚ ਪੂਰਾ ਸਹਿਯੋਗ ਦਿੱਤਾ। ਇਸ ਮੌਕੇ ਪ੍ਰਿੰਸੀਪਲ ਗੁਰਮੇਲ ਸਿੰਘ, ਜਗਦੀਸ਼ ਸਿੰਘ, ਜਸਕਰਨ ਸਿੰਘ, ਮੱਖਣ ਸਿੰਘ, ਮਨੋਜ ਕੁਮਾਰ, ਸਿਮਰਨਜੀਤ ਸਿੰਘ, ਰਵਿੰਦਰ ਕੁਮਾਰ, ਗੁਰਪ੍ਰੀਤ ਸਿੰਘ, ਮਲਕੀਤ ਸਿੰਘ, ਕੁਲਵਿੰਦਰ ਸਿੰਘ, ਲਖਵੀਰ ਸਿੰਘ ਆਦਿ ਹਾਜਰ ਸਨ।

for more news visit:
www.samajweekly.com

# ਵਿਧਾਇਕ ਜਿੰਪਾ ਨੇ ਸਰਕਾਰੀ ਸਕੂਲ ਡਾਡਾ 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਹੁਸ਼ਿਆਰਪੁਰ ਦੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਸਰਕਾਰੀ ਹਾਈ ਸਕੂਲ ਡਾਡਾ ਦੀ ਨਵੀਂ ਬਣੀ ਚਾਰਦੀਵਾਰੀ ਦਾ ਉਦਘਾਟਨ ਕੀਤਾ। ਇਸ ਚਾਰਦੀਵਾਰੀ ਦਾ ਨਿਰਮਾਣ 6 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਗਿਆ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਖੇਤਰ ਵਿਚ ਸੁਧਾਰ ਲਿਆਉਣ ਲਈ ਵਚਨਬੱਧ ਹੈ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਸੁਰੱਖਿਅਤ ਅਤੇ ਆਰਾਮਦਾਇਕ ਵਾਤਾਵਰਨ ਮਿਲ ਸਕੇ। ਉਨ੍ਹਾਂ ਕਿਹਾ ਕਿ ਸਕੂਲਾਂ ਵਿਚ ਚਾਰਦੀਵਾਰੀ ਦੀ ਅਣਹੋਂਦ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ, ਜਿਸ ਨੂੰ ਸਰਕਾਰ ਪਹਿਲ ਦੇ ਆਧਾਰ 'ਤੇ ਹੱਲ ਕਰ ਰਹੀ ਹੈ। ਵਿਧਾਇਕ ਨੇ ਕਿਹਾ ਕਿ ਇਸ ਚਾਰਦੀਵਾਰੀ ਦੇ ਨਿਰਮਾਣ ਨਾਲ ਨਾ ਸਿਰਫ਼ ਸਕੂਲ ਦੀ ਸੁਰੱਖਿਆ ਵਧੇਗੀ ਸਗੋਂ ਵਿਦਿਆਰਥੀਆਂ ਵਿਚ ਆਤਮ-ਵਿਸ਼ਵਾਸ ਵੀ ਪੈਦਾ ਹੋਵੇਗਾ। ਉਨ੍ਹਾਂ ਸਕੂਲ ਸਟਾਫ਼ ਅਤੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਕੂਲ ਨੂੰ ਇਕ ਆਦਰਸ਼ ਸਿੱਖਿਆ ਕੇਂਦਰ ਬਣਾਉਣ ਵਿੱਚ ਸਹਿਯੋਗ ਕਰਨ। ਪ੍ਰੋਗਰਾਮ ਦੌਰਾਨ ਸਕੂਲੀ ਬੱਚਿਆਂ ਨੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਅਤੇ ਮਾਪਿਆਂ ਨੇ ਵੀ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਸਰਪੰਚ ਸੁਰਿੰਦਰ ਕੁਮਾਰ, ਕਸ਼ਮੀਰੀ ਲਾਲ, ਰੋਸ਼ਨ ਲਾਲ, ਸਾਬਕਾ ਸਰਪੰਚ ਸੁਰਜੀਤ ਰਾਮ, ਅਵਤਾਰ ਸਿੰਘ ਨੰਬਰਦਾਰ, ਹੈੱਡਮਾਸਟਰ ਸੁਰਿੰਦਰ ਕੁਮਾਰ, ਬਲਬੀਰ ਸਿੰਘ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।



# ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਨੇ ਕੀਤਾ ਕੈਟਲ ਪੌਂਡ ਫਲਾਹੀ ਦਾ ਦੌਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੈਟਲ ਪੌਂਡ ਫਲਾਹੀ (ਸਰਕਾਰੀ ਗਊਸ਼ਾਲਾ) ਦੀ ਬਿਹਤਰ ਦੇਖ-ਭਾਲ ਅਤੇ ਸੰਚਾਲਨ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪਸ਼ੂਆਂ ਦੀ ਭਲਾਈ ਲਈ ਹਰ ਸੰਭਵ ਕਦਮ ਚੁੱਕਣ, ਖਾਸ ਕਰਕੇ ਉਨ੍ਹਾਂ ਦੀਆਂ ਪੋਸ਼ਣ ਸਬੰਧੀ ਜ਼ਰੂਰਤਾਂ ਅਤੇ ਡਾਕਟਰੀ ਸਹੂਲਤਾਂ ਨੂੰ ਤਰਜ਼ੀਹ ਦੇਣ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਗਊ ਸੇਵਾ ਕਮਿਸ਼ਨ ਦੇ ਮੈਂਬਰ ਅਤੇ ਮਾਰਕੀਟ ਕਮੇਟੀ ਹੁਸ਼ਿਆਰਪੁਰ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ, ਕਮਿਸ਼ਨ ਮੈਂਬਰ ਅਮਿਤ ਜੈਨ, ਮਾਰਕੀਟ ਕਮੇਟੀ ਮੁਹਾਲੀ ਦੇ ਚੇਅਰਮੈਨ ਗੋਬਿੰਦਰ ਮਿੱਤਲ, ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ ਅਤੇ ਐਸ.ਡੀ.ਐਮ ਗੁਰਸਿਮਰਨਜੀਤ ਕੌਰ ਵੀ ਮੌਜੂਦ ਸਨ। ਮੀਟਿੰਗ ਤੋਂ ਪਹਿਲਾਂ, ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਨੇ ਕੈਟਲ ਪੌਂਡ ਫਲਾਹੀ (ਸਰਕਾਰੀ ਗਊਸ਼ਾਲਾ) ਦਾ ਦੌਰਾ ਕੀਤਾ ਅਤੇ ਉੱਥੇ ਰਹਿ ਰਹੇ ਪਸ਼ੂਆਂ ਦੀ ਸਥਿਤੀ ਦਾ ਮੁਆਇਨਾ ਕੀਤਾ ਅਤੇ ਉਨ੍ਹਾਂ ਦੀ ਦੇਖ-ਭਾਲ ਅਤੇ ਸਹੂਲਤਾਂ ਦਾ ਜਾਇਜ਼ਾ ਲਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਨੇ ਗਊਸ਼ਾਲਾਵਾਂ ਦੇ ਸੰਚਾਲਨ, ਸਰਕਾਰੀ ਨੀਤੀਆਂ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਚਰਚਾ ਕੀਤੀ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਗਊ ਸੈੱਸ ਤੋਂ ਪ੍ਰਾਪਤ ਹੋਣ ਵਾਲੇ ਮਾਲੀਏ ਦੀ ਸਹੀ ਵਰਤੋਂ ਕਰਨ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਗਊ ਆਸ਼ਰਮ ਵਿੱਚ ਲੋੜੀਂਦੇ ਸੁਧਾਰਾਂ ਬਾਰੇ ਚਰਚਾ ਕੀਤੀ। ਕਮਿਸ਼ਨ ਦੇ ਚੇਅਰਮੈਨ ਨੇ ਸਮਾਜ ਦੇ ਹਰੇਕ ਨਾਗਰਿਕ ਨੂੰ ਗਊ ਸੇਵਾ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਗਊਸ਼ਾਲਾਵਾਂ ਨੂੰ ਮਜ਼ਬੂਤ ਕਰਨ ਲਈ ਪ੍ਰਸ਼ਾਸਨ ਦੇ ਨਾਲ-ਨਾਲ ਆਮ ਲੋਕਾਂ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਦਾਨੀ ਸੱਜਣਾਂ ਅਤੇ ਪਸ਼ੂ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ ਗਊਸ਼ਾਲਾ ਵਿਚ ਯੋਗਦਾਨ ਪਾਉਣ ਤਾਂ ਜੋ ਗਾਵਾਂ ਦੀ ਦੇਖ-ਭਾਲ ਵਿੱਚ ਕੋਈ ਕਮੀ ਨਾ ਰਹੇ। ਪੰਜਾਬ ਗਊਸੇਵਾ ਕਮਿਸ਼ਨ ਲਗਾਤਾਰ ਯਤਨਸ਼ੀਲ ਹੈ ਕਿ ਸੂਬੇ ਦੀਆਂ ਗਊਸ਼ਾਲਾਵਾਂ ਨੂੰ ਬਿਹਤਰ ਬਣਾਉਣ ਅਤੇ ਜਾਨਵਰਾਂ ਨੂੰ ਸਹੀ ਦੇਖ-ਭਾਲ ਮਿਲੇ। ਕਮਿਸ਼ਨ ਇਸ ਦਿਸ਼ਾ ਵਿਚ ਸਰਗਰਮੀ ਨਾਲ ਕੰਮ ਕਰ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਸੁਧਾਰਾਂ ਲਈ ਤਿਆਰ ਰਹੇਗਾ।



# ਸਾਂਝੇ ਯਤਨਾਂ ਨਾਲ ਨਸ਼ਿਆਂ ਦਾ ਖਾਤਮਾ ਸੰਭਵ - ਸੰਤੋਸ਼ ਕਟਾਰੀਆ

## ਪਿੰਡਾਂ 'ਚ ਨਸ਼ਿਆਂ ਖਿਲਾਫ ਜਾਗਰੂਕਤਾ ਪ੍ਰੋਗਰਾਮਾਂ 'ਚ ਲੋਕਾਂ ਨੂੰ ਇੱਕਮੁੱਠ ਹੋਣ ਦਾ ਸੱਦਾ

**ਸੜੋਆ (ਸਤਨਾਮ ਸਿੰਘ ਸਹੂੰਗੜਾ)**

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅੱਜ ਵਿਧਾਇਕ ਸੰਤੋਸ਼ ਕਟਾਰੀਆ ਨੇ ਵੱਖ-ਵੱਖ ਪਿੰਡਾਂ ਵਿਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਦੌਰਾਨ ਲੋਕਾਂ ਨੂੰ ਸੱਦਾ ਦਿੱਤਾ ਕਿ ਸਾਰਿਆਂ ਦੇ ਸਾਂਝੇ ਯਤਨਾ ਸਦਕਾ ਇਸ ਅਲਾਮਤ ਦਾ ਮੁਕੰਮਲ ਸਫਾਇਆ ਪੂਰੀ ਤਰ੍ਹਾਂ ਸੰਭਵ ਹੈ। ਨੇੜਲੇ ਪਿੰਡਾਂ ਚੂਹੜਪੁਰ , ਸਾਧੜ੍ਹਾ , ਮਾਲੇਵਾਲ, ਸਿੰਘਪੁਰ , ਰਾਣੇਵਾਲ ਅਤੇ ਟੱਪਰੀਆਂ ਵਿਖੇ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਦੌਰਾਨ ਸੰਬੋਧਨ ਕਰਦਿਆਂ ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਸ਼ੁਰੂ ਕੀਤੀ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਲੋਕ ਸਹਿਯੋਗ ਨਾਲ ਇਸ ਸਮਾਜਿਕ ਬੁਰਾਈ ਨੂੰ ਖਤਮ ਕਰਨਾ ਕੋਈ ਮੁਸ਼ਕਿਲ ਨਹੀਂ । ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਉਪਰਾਲਿਆਂ ਵਿੱਚ ਸਾਰਿਆਂ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਨਸ਼ਾ ਮੁਕਤ ਅਤੇ ਸਿਹਤਮੰਦ ਸਮਾਜ ਦਾ ਸੁਪਨਾ ਸਾਕਾਰ ਹੋ ਸਕੇ। ਵਿਧਾਇਕ ਸੰਤੋਸ਼ ਕਟਾਰੀਆ ਨੇ ਪਿੰਡਾਂ ਦੇ ਵਸਨੀਕਾਂ ਖ਼ਾਸਕਰ ਪੰਚਾਇਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਗਰੂਕਤਾ ਫੈਲਾਉਣ ਵਿਚ ਅਹਿਮ ਭੂਮਿਕਾ ਨਿਭਾਉਣ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਅਤੇ ਸਿਹਤਮੰਦ ਸਰਗਰਮੀਆਂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ ਜਿਸ ਲਈ ਸਾਰਿਆਂ ਨੂੰ ਹੰਭਲਾ ਮਾਰਨਾ ਚਾਹੀਦਾ ਹੈ। ਉਨ੍ਹਾਂ ਨੇ ਨਸ਼ਿਆਂ ਦੇ ਖਾਤਮੇ ਲਈ ਚੱਲ ਰਹੀ ਮੁਹਿੰਮ ਤਹਿਤ ਲੋਕਾਂ ਨੂੰ ਅਹਿਦ ਵੀ ਦਿਵਾਇਆ। ਇਸ ਮੌਕੇ ਪਿੰਡਾਂ ਦੀਆਂ ਪੰਚਾਇਤਾਂ ਤੋਂ ਇਲਾਵਾ ਮਾਰਕੀਟ ਕਮੇਟੀ ਦੇ ਚੇਅਰਮੈਨ ਸੇਠੀ ਉਧਨਵਾਲ, ਅਸ਼ੋਕ ਕਟਾਰੀਆ, ਬਲਦੇਵ ਰਾਜ ਆਦਿ ਵੀ ਮੌਜੂਦ ਸਨ।



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਘਾਂਵਾਲਾ ਵਿਖੇ ਕਰਵਾਇਆ ਗਿਆ ਕਮਰਸ ਬਲਾਕ ਦਾ ਉਦਘਾਟਨ

ਪੰਜਾਬ ਸਰਕਾਰ ਵੱਲੋਂ ਚਲਾਏ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ ਮਿਤੀ 27/05/2025 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਘਾਂਵਾਲਾ ਵਿਖੇ ਉਦਘਾਟਨੀ ਸਮਾਰੋਹ ਕਰਵਾਇਆ ਗਿਆ।ਜਿਸ ਵਿੱਚ ਸਰਦਾਰ ਹਰਜਿੰਦਰ ਸਿੰਘ ਰੋਡੇ, ਚੈਅਰਮੈਨ ਮਾਰਕੀਟ ਕਮੇਟੀ , ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਰੋਹ ਦੀ ਸ਼ੁਰੂਆਤ ਸਰਕਾਰੀ ਗ੍ਰਾਂਟ ਨਾਲ ਤਿਆਰ ਹੋਏ ਕਾਮਰਸ ਬਲਾਕ ਦੇ ਨੀਂਹ ਪੱਥਰ ਤੋਂ ਪਰਦਾ ਚੁੱਕਣ ਨਾਲ ਕੀਤੀ ਗਈ। ਸਕੂਲ ਦੇ ਇੰਚਾਰਜ ਪ੍ਰਿੰਸੀਪਲ ਸ. ਰਣਜੀਤ ਸਿੰਘ ਹਠੂਰ ਨੇ ਮੁੱਖ ਮਹਿਮਾਨ ਸ. ਹਰਜਿੰਦਰ ਸਿੰਘ ਰੋਡੇ, ਐਜੂਕੇਸ਼ਨ ਸੈੱਲ ਦੇ ਇੰਚਾਰਜ ਅਨਿਲ ਸ਼ਰਮਾ ਅਤੇ ਨਾਲ ਆਏ ਹੋਏ ਹੋਰ ਆਗੂ ਸਾਹਿਬਾਨ ਦਾ ਸਵਾਗਤ ਕੀਤਾ ਅਤੇ ਸਕੂਲ ਪ੍ਰਗਤੀ ਰਿਪੋਰਟ ਪੇਸ਼ ਕੀਤੀ।ਸਕੂਲ ਅਧਿਆਪਕ ਸ. ਅੰਮ੍ਰਿਤਪਾਲ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਉਸਾਰੀ ਅਤੇ ਮੁਰੰਮਤ ਲਈ ਸਾਲ 2022 ਤੋਂ 2025 ਤਕ ਜਾਰੀ ਕੀਤੀ 25 ਲੱਖ ਤੋਂ ਵੀ ਵਧੇਰੇ ਰਾਸ਼ੀ ਦਾ ਵੇਰਵਾ ਦਿੱਤਾ ਅਤੇ ਸਰਕਾਰੀ ਸਕੂਲਾਂ ਦੇ ਵਿਕਾਸ ਕਾਰਜਾਂ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ । ਸਮਾਗਮ ਦੌਰਾਨ ਵਿੱਦਿਆਰਥੀਆਂ ਨੇ ਮੈਡਮ ਗੁਰਦੀਪ ਕੌਰ ਤੇ ਗੀਤਾ ਮਰਵਾਹਾ ਦੀ ਨਿਰਦੇਸ਼ਨਾ ਹੇਠ ਬਹੁਤ ਹੀ ਸੁੰਦਰ ਪੇਸ਼ਕਾਰੀਆਂ ਦਿੱਤੀਆਂ। ਮੁੱਖ ਮਹਿਮਾਨ ਸ. ਹਰਜਿੰਦਰ ਸਿੰਘ ਨੇ ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਮੁਹਿੰਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇ ਨਾਲ- ਨਾਲ ਲੋਕ ਭਲਾਈ ਲਈ ਚਲਾਈਆਂ ਹੋਰ ਸਕੀਮਾਂ ਸਬੰਧੀ ਵੀ ਜਾਣਕਾਰੀ ਦਿੱਤੀ ।





ਉਹਨਾਂ ਨੇ ਸਕੂਲ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਵਿਦਿਅਕ ਅਤੇ ਸਹਿ ਵਿੱਦਿਅਕ ਖੇਤਰ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਲਈ ਪ੍ਰਸੰਸ਼ਾ ਕੀਤੀ ਅਤੇ ਬੋਰਡ ਦੇ ਸਾਲਾਨਾ ਨਤੀਜਿਆਂ ਵਿਚ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ। ਸਕੂਲ ਪ੍ਰਿੰਸੀਪਲ , ਸਟਾਫ਼ ਅਤੇ ਪਿੰਡ ਦੇ ਪਤਵੰਤਿਆਂ ਨੇ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸੰਚਾਲਨ ਦੀ ਜਿੰਮੇਵਾਰੀ ਸ੍ਰੀਮਤੀ ਰੁਕਮਣੀ ਨੇ ਬਾਖ਼ੂਬੀ ਨਿਭਾਈ।ਇਸ ਸਮਾਗਮ ਵਿੱਚ ਪਿੰਡ ਦੇ ਸਰਪੰਚ ਸ. ਤੀਰਥ ਸਿੰਘ, ਪਾਵਰ ਗ੍ਰਿਡ ਸਿੰਘਾਂਵਾਲਾ ਦੇ ਜਨਰਲ ਮੈਨੇਜਰ ਸ੍ਰੀ ਜਗਤ ਰਾਮ ਜੀ, ਚੀਫ਼ ਮੈਨੇਜਰ ਸ੍ਰੀ ਜੀ. ਸੀ. ਕਪੂਰ, ਆਮ ਆਦਮੀ ਪਾਰਟੀ ਦੇ ਬਲਾਕ ਪੱਧਰ ਦੇ ਆਗੂ, ਸੁਖਦੀਪ ਸਿੰਘ ਸੀਪਾ, ਮਨਪ੍ਰੀਤ ਸਿੰਘ ਸਿੱਧੂ, ਮੀਡੀਆ ਇੰਚਾਰਜ ਕੁਲਵਿੰਦਰ ਸਿੰਘ , ਆਟੋ ਯੂਨੀਅਨ ਪ੍ਰਧਾਨ ਬਲਵਿੰਦਰ ਸਿੰਘ,ਕੁਲਵਿੰਦਰ ਸਿੰਘ ਤਾਰੇਵਾਲਾ,ਨਛੱਤਰ ਸਿੰਘ , ਬਲਵੀਰ ਸਿੰਘ ਬੁੱਕਣਵਾਲਾ, ਨਰਿੰਦਰ ਸਿੰਘ ਸਾਬਕਾ ਸਰਪੰਚ, ਕੁਲਦੀਪ ਸਿੰਘ , ਐਸ.ਐਮ.ਸੀ. ਪ੍ਰਧਾਨ ਹਰਦੀਪ ਸਿੰਘ,ਰਾਜ ਸਿੰਘ,ਸੋਹਣ ਸਿੰਘ, ਹੈਡਮਾਸਟਰ ਅਨੂਪ ਕੁਮਾਰ, ਸ੍ਰੀਮਤੀ ਨਿਰਮਲਾ ਦੇਵੀ, ਸ੍ਰੀਮਤੀ ਅਮਰਜੀਤ ਕੌਰ ਹੈਡ ਟੀਚਰ ਨੇ ਸ਼ਿਰਕਤ ਕੀਤੀ। ਇਸ ਮੌਕੇ ਤੇ ਲੈਕਚਰਾਰ ਸ੍ਰੀਮਤੀ ਰੇਨੂ ਗੁਪਤਾ, ਹਰਿੰਦਰ ਕੌਰ,ਰਿਤੂ ਗਾਂਧੀ, ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ, ਮੀਨਾਕਸ਼ੀ ਬਾਲਾ,ਮੁਕੇਸ਼ ਕੁਮਾਰ, ਸੈਫ਼ੀ, ਸਾਕਸ਼ੀ ਸੂਦ, ਪਰਮਜੀਤ ਕੌਰ, ਵਿਨੈ ਕੁਮਾਰ, ਟੀਨਾ, ਸੁਨੀਤਾ, ਸਰਕਰਨ ਸਿੰਘ ਕੈਂਪਸ ਮੈਨੇਜਰ, ਮਨਪ੍ਰੀਤ ਕੌਰ, ਬਲਵਿੰਦਰ ਸਿੰਘ , ਆਤਮਾ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸੀ।

# ਸਿੱਧੂ ਹਸਨਪੁਰੀ ਦਾ ਗਾਇਆ ਦਿਲ ਦਾ ਮਾਸ

## ਲੋਕ ਗੀਤ ਅਟੈਰਨਮੈਂਟ ਉੱਤੇ ਅੱਜ ਖੜਕੂ




**ਮਾਛੀਵਾੜਾ ਸਾਹਿਬ/ਬਲਬੀਰ ਬੱਬੀ**

ਪੰਜਾਬੀ ਗਾਇਕੀ ਦੇ ਵਿੱਚ ਸਭ ਤੋਂ ਪਹਿਲਾਂ ਗੀਤਕਾਰੀ ਦਾ ਨਾਮ ਆਉਂਦਾ ਹੈ ਜੇਕਰ ਕੋਈ ਚੰਗਾ ਗੀਤਕਾਰ ਚੰਗਾ ਗੀਤ ਲਿਖੇਗਾ ਤੇ ਚੰਗੇ ਗਾਇਕ ਗਾਵੇਗਾ ਤੇ ਫਿਰ ਉਸ ਨੂੰ ਚੰਗੇ ਸਰੋਤੇ ਪਸੰਦ ਕਰਦੇ ਹਨ। ਗੀਤਕਾਰ ਗਿੱਲ ਜੱਬੋ ਮਾਜਰਾ ਵਾਲੇ ਪੰਜਾਬੀ ਪੁਰਾਤਨ ਗੀਤਕਾਰੀ ਦੇ ਇੱਕ ਵੱਡੇ ਥੰਮ ਸਨ ਜਿਨਾਂ ਨੇ ਆਪਣੀ ਕਲਮ ਦੇ ਵਿੱਚੋਂ ਪੰਜਾਬੀ ਪਿੰਡਾਂ ਪੰਜਾਬੀ ਸੱਭਿਆਚਾਰ ਪੰਜਾਬੀ ਵਿਰਾਸਤ ਦੇ ਨਾਲ ਮੇਲ ਖਾਂਦੀ ਗੀਤਕਾਰੀ ਲਿਖੀ ਅਨੇਕਾਂ ਗੀਤ ਅਨੇਕਾਂ ਗਾਇਕਾ ਨੇ ਗਾਏ ਸੰਗੀਤ ਪ੍ਰੇਮੀਆਂ ਨੇ ਪਸੰਦ ਕੀਤੇ। ਉਹ ਲੋਕਾਂ ਦੇ ਦਿਲਾਂ ਉੱਤੇ ਰਾਜ ਕਰਨ ਵਾਲੇ ਗੀਤਕਾਰ ਹੋ ਨਿਬੜੇ ਗਿੱਲ ਜੀ ਦੇ ਇਕੋ ਇਕ ਲਾਡਲੇ ਸ਼ਾਗਿਰਦ ਗੀਤਕਾਰ ਭੋਲਾ ਜਰਗ ਵਾਲਾ ਜੋਂ ਸੈਕਰਾਮੈਂਟੋ ਰਹਿ ਰਹੇ ਹਨ ਆਪਣੀ ਗੀਤਕਾਰੀ ਦੇ ਸਫਰ ਨੂੰ ਅੱਗੇ ਤੋਰਦਿਆਂ ਹੋਇਆਂ ਦਿਲ ਦਾ ਮਾਸ ਗੀਤ ਲੈ ਕੇ ਪੰਜਾਬੀ ਸਰੋਤਿਆਂ ਦੀ ਕਚਹਿਰੀ ਵਿੱਚ ਆਏ ਹਨ। ਮਾਸ ਗੀਤ ਸਿੱਧੂ ਹਸਨਪੁਰੀ ਜਿਹੇ ਨੌਜਵਾਨ ਗਾਇਕ ਨੇ ਆਪਣੀ ਅਵਾਜ਼ ਵਿੱਚ ਗਾਇਆ ਹੈ ਇਸ ਗੀਤ ਨੂੰ ਉੱਘੇ ਗੀਤਕਾਰ ਭੱਟੀ ਭੜੀ ਵਾਲੇ ਨੇ ਆਪਣੀ ਕੰਪਨੀ ਲੋਕ ਗੀਤ ਇੰਟਰਮੈਂਟ ਰਾਹੀਂ ਪੰਜਾਬੀ ਸੰਗੀਤ ਵਿੱਚ ਪੇਸ਼ ਕੀਤਾ ਦਿਲ ਦਾ ਮਾਸ ਗੀਤ ਦਾ ਸੰਗੀਤ ਅੱਜ ਦੇ ਚਰਚਿਤ ਨੌਜਵਾਨ ਸੰਗੀਤਕਾਰ ਸੁਰਿੰਦਰ ਬੱਬੂ ਦੀ ਟੀਮ ਨੇ ਦਿੱਤਾ ਹੈ। ਅੱਜ 30 ਮਈ ਨੂੰ ਲੋਕ ਗੀਤ ਅਟਰਮੈਂਟ ਉੱਤੇ ਇਹ ਗੀਤ ਰਿਲੀਜ਼ ਹੋਣ ਜਾ ਰਿਹਾ ਹੈ। ਸੁਭਵਾਨ ਸਰੋਤੇ ਅਜਿਹੇ ਗੀਤਾਂ ਨੂੰ ਜਰੂਰ ਸੁਣਨ।

# ਪੜ੍ਹਾਈ ਨੂੰ ਸਿੱਖਿਆ ਦੀ ਥਾਂ ਅੰਕੜਿਆ ਦੀ ਖੇਡ ਬਣਾ ਦਿੱਤਾ ਗਿਆ ਹੈ,ਇੰਜੀ. ਜਸਵੀਰ ਸਿੰਘ ਮੋਰੋਂ

**ਬੰਗਾ ( ਚਰਨਜੀਤ ਸੱਲ੍ਹਾਂ )** ਗਿਆਨਵਾਨ ਲੋਕ ਆਪਣੇ ਲਈ ਅਤੇ ਸਮੁੱਚੇ ਸਮਾਜ ਵਾਸਤੇ ਚੰਗੇ ਫੈਸਲੇ ਕਰਨ ਦੇ ਸਮਰੱਥ ਹੁੰਦੇ ਹਨ ਲ ਸਿਆਣੇ ਕਹਿੰਦੇ ਹਨ ਕਿ ਗਿਆਨ ਵੰਡਿਆਂ ਵਧਦਾ ਹੈ ਲ ਇਸ ਵਿਚਾਰ ਨੂੰ ਉਦੇਸ਼ ਬਣਾ ਕੇ ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫਤਰ ਬੰਗਾ,ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਗਿਆਨ ਵੰਡਣ ਦੀ ਮੁਹਿੰਮ ਮੁਫਤ ਪੁਸਤਕਾਂ ਰਾਹੀਂ ਸ਼ੁਰੂ ਕੀਤੀ ਹੋਈ ਹੈ। ਜਿਸ ਤਹਿਤ ਪਿੰਡਾਂ ਵਿੱਚ ਸਮਾਗਮਾਂ ਦੌਰਾਨ ਅਤੇ ਸਕੂਲਾਂ ਵਿੱਚ ਜਾ ਕੇ ਗਿਆਨ, ਵਿਗਿਆਨ ਨਾਲ ਸੰਬੰਧਿਤ ਬਿਲਕੁੱਲ ਮੁਫਤ ਕਿਤਾਬਾਂ ਵੰਡੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਬੇਗੋਵਾਲ, ਗੋਸਲ, ਸਾਹਲੋਂ,ਮਾਈਦਿੱਤਾ, ਬਘੌਰਾ ਤੋਂ ਬਾਅਦ ਹੁਣ ਪਿੰਡ ਪੁਆਰੀ ਵਿਖੇ ਬੱਚਿਆ ਨੂੰ ਮੁਫਤ ਕਿਤਾਬਾਂ ਵੰਡੀਆਂ ਗਈਆਂ ।ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਸ੍ਰੀਮਤੀ ਮੀਨੂੰ ਸਰਪੰਚ, ਇੰਜੀ. ਜਸਵੀਰ ਸਿੰਘ ਮੋਰੋਂ, ਸ੍ਰੀ ਰਾਮ ਕਿਸ਼ਨ ਨੰਬਰਦਾਰ, ਦਲਵੀਰ ਮਾਹੀ ਬੇਗੋਵਾਲ, ਸ੍ਰੀ ਗੁਰਪਾਲ ਸਿੰਘ ਪੁਆਰੀ ਬੀਪੀਈਓ, ਸ੍ਰੀਮਤੀ ਨਵਦੀਪ ਕੌਰ ਸਕੂਲ ਮੁਖੀ, ਸੀਮਾ ਰਾਣੀ ਹਾਜ਼ਰ ਸਨਲ ਇਸ ਮੌਕੇ ਬੱਚਿਆਂ ਨੂੰ ਸੰਬੋਧਨ ਕਰਦਿਆਂ





ਇੰਜੀ.ਸ੍ਰੀ ਜਸਵੀਰ ਸਿੰਘ ਮੋਰੋਂ ਨੇ ਕਿਹਾ ਕਿ ਪੜ੍ਹਾਈ ਨੂੰ ਸਿੱਖਿਆ ਦੀ ਥਾਂ ਅੰਕੜਿਆਂ ਦੀ ਖੇਡ ਬਣਾ ਦਿੱਤਾ ਗਿਆ ਲਜਿਸ ਦਾ ਨਤੀਜਾ ਅਸੀਂ ਪੜ੍ਹ ਲਿਖ ਕੇ ਸਿਆਣੇ ਨਹੀਂ,ਸ਼ੈਤਾਨ ਬਣ ਰਹੇ ਹਾਂ ਲਇਹ ਸਮਾਜ ਦੇ ਹਰ ਖੇਤਰ ਵਿੱਚ ਨਿਘਾਰ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ ਲਵਿਗਿਆਨ ਦੇ ਯੁੱਗ ਵਿੱਚ ਗੈਰ-ਵਿਗਿਆਨਿਕ ਵਿਚਾਰਾਂ ਨੂੰ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ ਤੇ ਪ੍ਰਫੁੱਲਤ ਕੀਤਾ ਜਾ ਰਿਹਾ ਹੈ ਲਲੋਕ ਆਪਣੇ ਮਸਲਿਆਂ ਦੇ ਹੱਲ ਲਈ ਕਿਸੇ ਮਸੀਹੇ ਦੀ ਉਡੀਕ ਕਰਨ ਲੱਗੇ ਹੋਏ ਹਨਲਸ੍ਰੀ ਰਾਮ ਕਿਸ਼ਨ ਨੰਬਰਦਾਰ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਅਤੇ ਸ਼ਹੀਦ ਭਗਤ ਸਿੰਘ ਜੀ ਤੋਂ ਪੜ੍ਹਨ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ ਲ ਇਹਨਾਂ ਤੋਂ ਇਲਾਵਾ ਸ੍ਰੀ ਗੁਰਪਾਲ ਸਿੰਘ ਪੁਆਰੀ ਬੀਪੀਈਓ ਅਤੇ ਸ੍ਰੀ ਦਲਵੀਰ ਮਾਹੀ ਨੇ ਕਿਤਾਬਾਂ ਦੀ ਜ਼ਿੰਦਗੀ ਵਿੱਚ ਮਹੱਤਤਾ ਤੇ ਆਪਣੇ ਵਿਚਾਰ ਪੇਸ਼ ਕੀਤੇ ਲ ਉਹਨਾਂ ਕਿਹਾ ਚੰਗੀਆਂ ਕਿਤਾਬਾਂ ਵਧੀਆ ਜੀਵਨ ਜਾਂਚ ਸਿਖਾਉਂਦੀਆਂ ਹਨਲਮਹਾਨ ਲੋਕਾਂ ਦੀਆਂ ਜੀਵਨੀਆਂ ਸਾਡੇ ਲਈ ਪ੍ਰੇਰਨਾ ਬਣਦੀਆਂ ਹਨਲ ਸਾਨੂੰ ਸਾਰਿਆਂ ਨੂੰ ਆਪਣੀ ਸੋਚ ਵਿਗਿਆਨਕ, ਤਰਕਵਾਦੀ ਬਣਾਉਣ ਲਈ ਕਿਤਾਬਾਂ ਪੜ੍ਹਨ ਦੀ ਆਦਤ ਬਣਾ ਲੈਣੀ ਚਾਹੀਦੀ ਹੈ ਲ ਸਕੂਲ ਮੁਖੀ ਨਵਦੀਪ ਕੌਰ ਨੇ ਵਿਵੇਕ ਵਿਕਾਸ ਲਹਿਰ ਬੰਗਾ ਵੱਲੋਂ ਸ਼ੁਰੂ ਕੀਤੀ ਗਈ ਮੁਫਤ ਕਿਤਾਬਾਂ ਵੰਡਣ ਦੀ ਇਸ ਨਵੀਂ ਪਿਰਤ ਦੀ ਸ਼ਲਾਘਾ ਕੀਤੀ ਅਤੇ ਇਸ ਸਮਾਗਮ ਵਿੱਚ ਹਾਜ਼ਰ ਹੋਏ ਮਹਿਮਾਨਾਂ,ਬੱਚਿਆਂ ਦੇ ਮਾਪਿਆਂ,ਨਗਰ ਨਿਵਾਸੀਆਂ ਸਭਨਾਂ ਦਾ ਧੰਨਵਾਦ ਕੀਤਾ।

## 'ਨਾ ਸੀਸ ਝੁਕਾਇਆ ਮੌਤ ਵੇਖਕੇ'

ਗੁਰੂ 'ਅਰਜਨ' ਸਾਹਿਬ ਨੂੰ ਸ਼ਹੀਦ ਕੀਤਾ 'ਜਹਾਂਗੀਰ' ਨੇ,
ਇਸ ਦੇ ਪੋਤੇ 'ਔਰੰਗਜ਼ੇਬ' ਨੇ ਸ਼ਹੀਦ ਕੀਤਾ,
ਪੰਜਵੇਂ ਗੁਰੂ ਦੇ ਪੋਤੇ 'ਤੇਗ ਬਹਾਦਰ' ਨੂੰ।
ਸਿੱਖਾਂ ਦੇ ਫਿਰ ਵੀ ਹੌਸਲੇ ਬੁਲੰਦ ਰਹੇ,
ਮੇਜਰ ਇਥੋਂ ਤੱਕ ਕਿ 'ਗੁਰੂ' ਦੇ 'ਬੱਚਿਆਂ' ਨੇ,
ਨਾ ਸੀਸ ਝੁਕਾਇਆ ਮੌਤ ਵੇਖਕੇ ਨਾਬਰ ਨੂੰ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਚੱਲ

ੴ ਧਿਆਉਂਦਾ ਹੋਇਆ,
ਗੁਰ ਦਾ ਬਚਨ ਨਿਭਾਉਂਦਾ ਚੱਲ।
ਆਪਣਾ ਫ਼ਰਜ਼ ਨਿਭਾਉਣ ਖਾਤਿਰ,
ਸੱਚ ਦਾ ਟਲ ਖੜਕਾਉਂਦਾ ਚੱਲ।
ਸੱਚੀ ਕਿਰਤ ਕਮਾਉਂਦਾ ਹੋਇਆ,
ਮਨ ਨਾਮ ਜਪਣ ਵੱਲ ਲਾਉਂਦਾ ਚੱਲ।
ਗੁਰ ਦਾ ਬੋਲ ਪੁਗਾਉਣ ਖਾਤਿਰ,
ਸਭ ਨੂੰ ਵੰਡ ਛਕਾਉਂਦਾ ਚੱਲ।
ਮਨੁੱਖਤਾ ਦੇ ਕੰਮ ਆਉਣ ਦੇ ਲਈ,
ਦੂਈ ਆਉਣ ਮਿਟਾਉਂਦਾ ਚੱਲ।
ਜਾਤਾਂ ਪਾਤਾਂ ਰੰਗ ਨਸਲਾਂ ਦੇ,
ਇਹ ਵੀ ਫਰਕ ਮਿਟਾਉਂਦਾ ਚੱਲ।
ਨਿਰਬਲ ਅਬਲਾ ਮਜਲੂਮਾ ਤਾਈਂ,
ਸਭ ਨੂੰ ਗਲੇ ਲਗਾਉਂਦਾ ਚੱਲ।
ਹਨੇਰਾ ਦੂਰ ਭਜਾਉਣ ਖਾਤਿਰ,
ਗਿਆਨ ਦੀ ਜੋਤਿ ਜਗਾਉਂਦਾ ਚੱਲ।
ਸੱਚ ਦਾ ਸਾਥ ਨਿਭਾਉਣ ਦੇ ਲਈ,
ਝੂਠ ਤਾਈਂ ਠਕਰਾਉਂਦਾ ਚੱਲ।
ਧਿਆਨ ਖੁਦਾ ਵੱਲ ਲਾਉਣ ਖਾਤਿਰ,
ਗੀਤ ਪ੍ਰਭੂ ਦੇ ਗਾਉਂਦਾ ਚੱਲ।
ਅਮ੍ਰਿਤ ਬਰਖਾ ਕਰਦਾ ਹੋਇਆ,
ਸੱਚੋ ਸੱਚ ਫੁਰਮਾਉਂਦਾ ਚੱਲ।
ਓਹ ਦੀ ਹੋਂਦ ਵਿਖਾਉਣ ਖਾਤਿਰ,
ਸ਼ਬਦਾਂ ਸੰਗ ਨਿਭਾਉਂਦਾ ਚੱਲ।
ਜੋ ਭੇਜੇ ਓਹ ਵਾਹਿਗੁਰੂ ਮੇਰਾ,
ਖਲਕਤ ਸੰਗ ਵੰਡਾਉਂਦਾ ਚੱਲ।
ਬਨਾਰਸੀ ਦਾਸ ਤੂੰ ਕਲਮ ਉਠਾ ਕੇ,
ਕਵਿਤਾ ਨਵੀਂ ਬਣਾਉਂਦਾ ਚੱਲ।



**ਬਨਾਰਸੀ ਦਾਸ ਅਧਿਆਪਕ ਰੱਤੇਵਾਲ**
**ਸੰਪਰਕ: 94635-05286**

## ਭਾਣਾ ਮੰਨਦਿਆਂ

ਭਾਣਾ ਮੰਨਦਿਆਂ ਆਹ ਦਿਨ ਆ ਗਏ, ਤੱਤੀ ਤਵੀ ਉੱਤੇ ਬਹਿਣ ਵਾਲਿਆ।
ਤੇਰੇ ਵਾਰਸ ਢੇਰੀਆਂ ਢਾਹ ਗਏ,ਤੇਰਾ ਭਾਣਾ ਮੀਠਾ ਕਹਿਣ ਵਾਲਿਆ।

ਅੱਜ ਹੋਰ ਉੱਚੀ ਹੋਰ ਉੱਚੀ ਕਰਿਆ,ਜਾਤ ਪਾਤ ਵਾਲੀ ਸੌੜੀ ਕੰਧ ਨੂੰ,
ਜੀਹਨੂੰ ਅੰਧ ਵਿਸ਼ਵਾਸ਼ ਰਹੇ ਦੱਸਦੇ, ਉਹੋ ਪੂਜ ਰਹੇ ਪੱਥਰ ਤੇ ਚੰਦ ਨੂੰ,
ਤੇਰੀ ਕੌਮ ਹੈ ਕਿਰਤ ਨਾਲੋਂ ਟੁੱਟਗੀ,ਸਿਰ ਤੇ ਜ਼ੁਲਮ ਸਹਿਣ ਵਾਲਿਆ।
ਭਾਣਾ ਮੰਨਦਿਆਂ ----------

ਵਾੜ ਖਾ ਗਈ ਧਰਮ ਵਾਲੀ ਵੇਲ ਨੂੰ, ਅਸੀਂ ਅੱਕਾਂ ਨੂੰ ਵਲੇਵੇਂ ਬੈਠੇ ਮਾਰੀ ਜੀ,
ਥੋੜੀ ਬਾਣੀ ਚੋਂ ਸ਼ਬਦ ਗੁਰੂ ਭੁੱਲ ਗਏ, ਸੰਤ ਬਣ ਬੈਠੇ ਦੇਹਧਾਰੀ ਜੀ,
ਲੋਭੀ ਹੋ ਗਏ ਮਸੰਦ ਤੇਰੇ ਪੰਥ ਦੇ, ਚੜਦੀ ਕਲਾ 'ਚ ਰਹਿਣ ਵਾਲਿਆ।
ਭਾਣਾ ਮੰਨਦਿਆਂ ----------

ਖੂਨ ਨਾਲ ਸਿੰਜੇ ਸਿੱਖ ਬੂਟੇ ਨੂੰ, ਰਹੇ ਦੱਸਦੇ ਜੋ ਝੂਠ ਦੀ ਦੂਕਾਨ ਜੀ,
ਚੰਦੂ, ਖੁਸਰੋ,ਪਿਰਥੀਏ ਮਿਲ ਗਏ, ਹੱਥੀਂ ਖੰਜਰ ਤੇ ਸਾਜ਼ਿਸ਼ੀ ਜ਼ੁਬਾਨ ਜੀ,
ਏ ਸੀ ਲਗਾ ਕੇ ਪਲੰਘਾਂ ਉੱਤੇ ਸੌਂਦੇ ਨੇ,ਦੇਗ ਦੇ ਉਬਾਲੇ ਸਹਿਣ ਵਾਲਿਆ।
ਭਾਣਾ ਮੰਨਦਿਆਂ ------------

ਬਹੁਤੇ ਸੋਚ ਤੇ ਵਿਚਾਰੋਂ ਹੀਣੇ ਹੋ ਗਏ,ਰਿਧਿ ਸਿਧਿ ਅੱਖੀਂ ਪੱਟੀ ਬੰਨ੍ਹ ਲਈ,
ਤੁਸੀਂ ਚੇਤਨਾ ਦਾ ਬਾਲ਼ਿਆ ਚਿਰਾਗ਼ ਸੀ, ਕਰ ਸੱਚ ਨੂੰ ਜ਼ਿਬਾਹ ਗੱਲ ਮੰਨ ਲਈ,
ਉਹੀ ਧਾਗਿਆਂ ਤਵੀਤਾਂ ਵਿਚ ਉਲ਼ਝੇ, ਰੁਖ਼ ਹਵਾ ਦੇ ਉਲਟ ਵਹਿਣ ਵਾਲਿਆ।
ਭਾਣਾ ਮੰਨਦਿਆਂ -----------

ਲੰਮੇ ਚੋਲ਼ਿਆਂ ਨੇ ਹੱਥ ਲੰਮੇ ਕਰਕੇ, ਦੋਹੇਂ ਹੱਥੀਂ ਲੁੱਟੀਆਂ ਤਿਜੋਰੀਆਂ,
ਗੱਲ ਧਰਮ ਕਰਮ ਦੀ ਕੋਈ ਸੁਣੇ ਨਾ,' ਰਾਜਨ ' ਸੁਣਾਵੇ ਗੱਲਾਂ ਕੋਰੀਆਂ,
ਜਥੇਦਾਰ ਚੌਧਰਾਂ ਲਈ ਲੜਦੇ, ਵੱਢੀਖੋਰੀ ਨੂੰ ਹਰਾਮ ਕਹਿਣ ਵਾਲਿਆ।
ਭਾਣਾ ਮੰਨਦਿਆਂ ਆਹ ਦਿਨ ਆ ਗਏ, ਤੱਤੀ ਤਵੀ ਉੱਤੇ ਬਹਿਣ ਵਾਲਿਆ।
ਤੇਰੇ ਵਾਰਸ ਢੇਰੀਆਂ ਢਾਹ ਗਏ, ਤੇਰਾ ਭਾਣਾ ਮੀਠਾ ਕਹਿਣ ਵਾਲਿਆ।



**ਰਜਿੰਦਰ ਸਿੰਘ ਰਾਜਨ**
**9876184954**

## ਕਿਹੜਾ ਸਾਧਕ ?

ਪੀਰ ਬਖਾਨੇ ਰਾਗ ਤੁਖਾਰੀ,
ਮਾਝ ਬਖਾਨੇ ਸਸ਼ਤਰਧਾਰੀ।
ਚੇਤਰ ਦੀ ਰੁੱਤ ਝਾਤੀ ਮਾਰੀ,
ਸਾਰੀ ਧਰਤੀ ਗਈ ਸ਼ਿੰਗਾਰੀ।
ਕਿਸ ਨੇ ਮਾਰੀ ਹਾਕ ਕਰਾਰੀ,
ਜਾਗ ਪਈ ਮੇਰੀ ਭਟਕਣ ਸਾਰੀ।
ਛੱਡ ਕੇ ਸਾਰੀ ਦੁਨੀਆਦਾਰੀ,
ਅੰਮ੍ਰਿਤ ਵੇਲੇ ਖੋਲ੍ਹ ਕੇ ਬਾਰੀ।
ਕਿਹੜਾ ਸਾਧਕ ਲਾਉਂਦਾ ਤਾਰੀ?
ਕਿਸ ਨੂੰ ਆਪਣੀ ਰਹਿਤ ਪਿਆਰੀ?



**ਰਿਤੂ ਵਾਸੂਦੇਵ**

## "ਤੱਤੀ ਤਵੀ"

ਤੱਤੀ ਤਵੀ, ਤੱਤੀ ਰੇਤ, ਕਹਿਰ ਢਾਹਉਂਦੀ ਪਈ, ਨਾ ਗੁਰੂ ਰਤਾ ਡੋਲਦਾ,
ਮੁੱਖ ਵਿੱਚੋਂ  ਬੈਠਾ ਬਾਬਾ, ਬਾਣੀ ਪੜ੍ਹਦਾ ਜੀ,ਸਤਿਨਾਮ ਬੋਲਦਾ,
ਗੁਰੂ ਦੇ ਇਰਾਦਿਆਂ ਨੂੰ, ਵੇਖ-ਵੇਖ ਕੇ ਜੀ, ਵੈਰੀ ਜਾਵੇ ਡੋਲਦਾ,
ਤੱਤੀ ਤਵੀ, ਤੱਤੀ ਰੇਤ.......
ਸੱਚਾ ਗੁਰੂ ,ਸੱਚ ਦੀਆਂ ਪੈੜ੍ਹਾਂ ਕਰਦਾ ਜੀ,ਵੈਰੀ ਵਿਸ਼ ਘੋਲਦਾ,
ਝੂਠ ਤੇ ਪਖੰਡ ਦੀ ਦੂਕਾਨਦਾਰੀ ਨੂੰ, ਜੀ ਬਾਬਾ ਜਾਵੇ ਰੋਲਦਾ,
ਤੱਤੀ ਤਵੀ, ਤੱਤੀ ਰੇਤ.......
ਸਭਨਾ ਦੇ ਸਾਂਝੇ ਸਾਡੇ ਗੁਰੂ ਘਰ ,ਬਾਰੇ ਵੈਰੀ,ਬੁਰਾ ਬੋਲਦਾ,
ਚਾਰ ਦਰਵਾਜ਼ੇ ਰੱਖੇ, ਗੁਰੂ ਘਰ ਦੇ ਜੀ, ਬਾਬਾ ਸੱਚ ਤੋਲਦਾ,
ਤੱਤੀ ਤਵੀ,ਤੱਤੀ ਰੇਤ........
ਜ਼ਾਲਮ, ਜ਼ਲਾਦ ਗੁਰਾਂ ਵੱਲ ਤੱਕ- ਤੱਕ, ਪਿਆ ਜਾਵੇ ਡੋਲਦਾ,
ਤੇਰਾ ਭਾਣਾ ਮੀਠਾ ਆਖੇ ਗੁਰੂ, ਮੁੱਖ ਚੋਂ, ਨਾ, ਰਤਾ ਵੀ ਡੋਲਦਾ,
ਤੱਤੀ ਤਵੀ, ਤੱਤੀ ਰੇਤ.......
ਤਵੀ,ਰੇਤ,ਪਾਣੀ, ਤੱਤੇ ਦੇ਼ਗ ਵਾਲੇ,ਨਾ਼ਲ ਗੁਰੂ ਫਤਿਹ ਬੋਲਦਾ,
ਸੰਦੀਪ ਸ਼ੀਸ਼ ਗੁਰੂ ਜੀ ਦੇ ਰੱਖੇ ਚਰਨੀ ਜੀ,ਵਾਹਿਗੁਰੂ ਬੋਲਦਾ,
ਤੱਤੀ ਤਵੀ, ਤੱਤੀ ਰੇਤ, ਕਹਿਰ ਢਾਹਉਂਦੀ ਪਈ, ਨਾ ਗੁਰੂ ਰਤਾ ਡੋਲਦਾ,



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**



# ਪਿੰਡ ਕਪੂਰ ਵਿਖੇ ਬਾਬਾ ਸਾਹਿਬ ਦਾ ਜਨਮ ਦਿਨ ਮਨਾਇਆ ਗਿਆ

**ਜਲੰਧਰ( ਚਰਨਜੀਤ ਸੱਲ੍ਹਾਂ )** 25 ਮਈ 2025 ਦੀ ਰਾਤ ਪਿੰਡ ਕਪੂਰ (ਜਲੰਧਰ) ਵਿਖੇ ਬਾਬਾ ਸਾਹਬ ਡਾ.ਭੀਮ ਰਾਓ ਅੰਬੇਡਕਰ ਜੀ ਦਾ 134 ਵਾਂ ਜਨਮ ਦਿਨ ਕੌਮ ਦੇ ਸ਼ਹੀਦ ਸੰਤ ਰਾਮਾ ਨੰਦ ਜੀ ਨੂੰ ਸਮਰਪਿਤ ਕੀਤਾ ਗਿਆ। ਸਾਹਬ ਕਾਂਸ਼ੀ ਰਾਮ ਐਜੂਕੇਸ਼ਨਲ ਸੁਸਾਇਟੀ ਕਪੂਰ ਪਿੰਡ ਵਲੋਂ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਜਿਸ ਵਿਚ ਪ੍ਰਗਤੀ ਕਲਾ ਕੇਂਦਰ ਰਜਿ.ਲਾਂਦੜਾ ਦੀ ਨਾਟਕ ਟੀਮ ਵਲੋਂ ਕੋਰੀਓਗ੍ਰਾਫੀਆਂ ,ਜਾਗ ਮਿੱਟੀ ਦਿਆ ਮਾਧੋਆ, ਐ ਔਰਤ ਤੇਰੀ ਦਰਦ ਕਹਾਣੀ, ਗੱਲ ਸੁਣ ਝੱਲਿਆ ,ਅਤੇ (ਓਪੇਰਾ ) ਮਾਂ ਰਮਾ ਬਾਈ ।ਪੇਸ਼ਕਾਰੀਆਂ ਦਾ ਸਫਲ ਮੰਚਨ ਕੀਤਾ ਗਿਆ। ਉੱਘੇ ਵਿਦਵਾਨ ਮਾਣਯੋਗ ਇੰਜੀਨੀਅਰ ਜਸਵੰਤ ਰਾਏ ਜੀ ਨੇ ਆਪਣੇ ਵਿਚਾਰ ਸੰਗਤਾਂ ਨਾਲ਼ ਸਾਂਝੇ ਕੀਤੇ । ਜਨਤਕ ਟੀਵੀ ਚੈਨਲ ਵਲੋਂ ਸਾਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਕੀਤਾ ਗਿਆ। ਮਿਸ਼ਨਰੀ ਸਿੰਗਰ ਮਨਜੀਤ ਸੋਨੂੰ ਨੇ ਸਟੇਜ ਸਕੱਤਰ ਦੀ



ਜ਼ੁੰਮੇਵਾਰੀ ਬਾਖੂਬੀ ਨਿਭਾਈ। ਸੁਸਾਇਟੀ ਵਲੋਂ ਪ੍ਰਗਤੀ ਕਲਾ ਕੇਂਦਰ ਦੇ ਕਲਾਕਾਰਾਂ ਅਤੇ ਹੋਰ ਸੇਵਾਦਾਰਾਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਵੇਲੇ ਪਿੰਡ ਕਪੂਰ ਦੀ ਸੰਗਤ ਨੇ ਬਹੁਤ ਹੀ ਦਿਲ ਲਗਾਕੇ ਸੁਣਿਆ ਅਤੇ ਪ੍ਰੋਗਰਾਮ ਦੇਖਿਆ।

# ਬਾਬਾ ਗੋਲਾ ਸਰਕਾਰੀ ਸੀ.ਸੈ. ਸਕੂਲ ਬੰਗਾ ਦੀ ਵਿਦਿਆਰਥਣ ਬਬੀਤਾ ਕੁਮਾਰੀ ਸਨਮਾਨਿਤ




**ਬੰਗਾ( ਚਰਨਜੀਤ ਸੱਲ੍ਹਾਂ )** ਬਾਬਾ ਗੋਲਾ ਸਰਕਾਰੀ ਸੀ.ਸੈ. ਸਕੂਲ ਬੰਗਾ ਦੀ ਵਿਦਿਆਰਥਣ ਬਬੀਤਾ ਕੁਮਾਰੀ ਪੁੱਤਰੀ ਸ੍ਰੀ ਦੀਪਕ ਕੁਮਾਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟਰਿਕ ਦੀ ਪ੍ਰੀਖਿਆ ਵਿੱਚੋਂ 629 ਨੰਬਰ ਲੈ ਕੇ ਬੋਰਡ ਦੀ ਮੈਰਿਟ ਲਿਸਟ ਵਿਚ ਆਪਣਾ ਨਾਮ ਦਰਜ ਕਰਵਾਇਆ। ਜਿਸ ਨਾਲ ਮਾਂ-ਬਾਪ, ਸਕੂਲ ਅਤੇ ਬੰਗਾ ਦਾ ਨਾਮ ਰੋਸ਼ਨ ਕੀਤਾ ਹੈ। ਇਹ ਬੱਚੀ ਪੜ੍ਹਾਈ ਵਿਚ ਤਾਂ ਹੁਸ਼ਿਆਰ ਹੈ ਹੀ, ਇਸ ਤੋਂ ਬਿਨਾਂ ਸਹਿਪਾਠੀ ਕਿਰਿਆਵਾਂ ਵਿਚ ਵੀ ਬਹੁਤ ਸਾਰੇ ਇਨਾਮ ਪ੍ਰਾਪਤ ਕਰ ਚੁੱਕੀ ਹੈ। ਇਸ ਦਾ ਸੁਪਨਾ ਡਾਕਟਰ ਬਣਨ ਦਾ ਹੈ। ਸ਼ਹੀਦ ਭਗਤ ਸਿੰਘ ਸਿੱਖਿਆ ਸੇਵਾ ਸੁਸਾਇਟੀ ਨੇ ਬਬੀਤਾ ਕੁਮਾਰੀ ਨੂੰ ਦੋ ਸਾਲ ਲਈ ਸ਼ਹੀਦ ਭਗਤ ਸਿੰਘ ਸਕਾਲਰਸ਼ਿੱਪ ਦੇਣ ਦਾ ਐਲਾਨ ਕੀਤਾ। ਇਸ ਸਕਾਲਰਸ਼ਿੱਪ ਦੇ ਪਹਿਲੇ ਚੈੱਕ ਅਤੇ ਸਨਮਾਨ-ਚਿੰਨ੍ਹ ਨਾਲ ਬਬੀਤਾ ਕੁਮਾਰੀ ਨੂੰ ਸਨਮਾਨਿਤ ਕਰਦੇ ਹੋਏ ਸੁਸਾਇਟੀ ਨੇ ਮਾਣ ਮਹਿਸੂਸ ਕੀਤਾ। ਸੁਸਾਇਟੀ ਦੀ ਪ੍ਰਧਾਨ ਮਨਜੀਤ ਕੌਰ ਬੋਲਾ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਐਲਾਨ ਕੀਤਾ ਕਿ ਭਵਿੱਖ ਵਿਚ ਵੀ ਇਸ ਸਕੂਲ ਦੇ ਜਿਹੜੇ ਵਿਦਿਆਰਥੀ ਬੋਰਡ ਦੀ ਮੈਰਿਟ ਲਿਸਟ ਵਿਚ ਆਉਣਗੇ, ਉਨ੍ਹਾਂ ਸਭ ਨੂੰ ਹੀ ਸ਼ਹੀਦ ਭਗਤ ਸਿੰਘ ਸਕਾਲਰਸ਼ਿੱਪ ਪ੍ਰਦਾਨ ਕੀਤੀ ਜਾਇਆ ਕਰੇਗੀ। ਸਖ਼ਤ ਮਿਹਨਤ ਹੀ ਸਫ਼ਲਤਾ ਦੀ ਕੁੰਜੀ ਹੈ। ਇਸ ਲਈ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ।ਇਸ ਸਮਾਗਮ ਵਿਚ ਸਕੂਲ ਦੇ ਸਾਰੇ ਵਿਦਿਆਰਥੀਆਂ, ਪ੍ਰਿੰਸੀਪਲ ਜਸਵਿੰਦਰ ਕੌਰ, ਸਮੂਹ ਸਟਾਫ਼, ਸ਼ਹੀਦ ਭਗਤ ਸਿੰਘ ਸਿੱਖਿਆ ਸੇਵਾ ਸੁਸਾਇਟੀ ਦੇ ਕਾਰਜਕਾਰੀ ਮੈਂਬਰ ਮੈਡਮ ਹਰਪ੍ਰੀਤ ਕੌਰ, ਮੈਡਮ ਗੁਰਮਿੰਦਰ ਕੌਰ, ਸ੍ਰੀ ਅਮਰਦੀਪ ਬੰਗਾ, ਸ੍ਰੀ ਕੁਲਵੀਰ ਸਿੰਘ ਪਾਬਲਾ, ਸ੍ਰੀ ਜਰਨੈਲ ਸਿੰਘ ਕਾਹਮਾ, ਸ੍ਰੀ ਸਰਬਜੀਤ ਸਿੰਘ ਮੰਗੂਵਾਲ, ਮੈਡਮ ਮਨਜੀਤ ਕੌਰ ਬੋਲਾ ਅਤੇ ਬਬੀਤਾ ਕੁਮਾਰੀ ਦੇ ਮਾਤਾ-ਪਿਤਾ ਨੇ ਸ਼ਿਰਕਤ ਕੀਤੀ।

# ਧਰਮਿੰਦਰ ਮਸਾਣੀ ਇਨਕਲਾਬੀ ਗਾਇਕ, ਖੇਡ ਲੇਖਕ ਸਰਬਜੀਤ ਮੰਗੂਵਾਲ ਨੂੰ ਘਰ ਮਿਲਣ ਗਏ



**ਬੰਗਾ (ਚਰਨਜੀਤ ਸੱਲ੍ਹਾਂ )** ਲਹਿੰਦੇ ਪੰਜਾਬ ਤੋਂ ਵਾਪਸ ਆ ਕੇ ਕ੍ਰਾਂਤੀਕਾਰੀ ਗਾਇਕ ਧਰਮਿੰਦਰ ਮਸਾਣੀ ਆਪਣੇ ਮਿੱਤਰ ਨਿੰਤਨ ਮੁਕੰਦਪੁਰ ਅਤੇ ਵਰਿੰਦਰ ਦੇ ਨਾਲ ਖੇਡ ਲੇਖਕ ਤੇ ਫੁੱਟਬਾਲ ਕੋਚ ਸਰਬਜੀਤ ਮੰਗੂਵਾਲ ਨੂੰ ਮਿਲਣ ਲਈ ਉਨ੍ਹਾਂ ਦੇ ਘਰ ਗਏ। ਸਾਰੇ ਪਰਿਵਾਰ ਨੇ ਬੜਾ ਮਾਣ ਮਹਿਸੂਸ ਕੀਤਾ। ਸਾਹਿਤਕ ਅਤੇ ਖੇਡ ਸੱਭਿਆਚਾਰਕ ਵਿਸ਼ੇ ਤੇ ਢੇਰ ਸਾਰੀਆਂ ਗੱਲਾਂ ਕਰਦਿਆਂ ਹੋਇਆਂ ਧਰਮਿੰਦਰ ਮਸਾਣੀ ਨੇ ਕਿਹਾ ਕਿ ਮੇਰੀ ਸ਼ੁਰੂ ਤੋਂ ਹੀ ਪੰਜਾਬੀਅਤ ਦੇ ਮਸ਼ਹੂਰ ਜੁਝਾਰਬਾਦੀ ਕਵੀ ਬਾਬਾ ਨਜਮੀ ਜੀ ਨੂੰ ਮਿਲਣ ਦੀ ਤਮੰਨਾ ਸੀ ਜਿਨਾਂ ਦੇ ਨਾਲ ਹੁਣੇ-ਹੁਣੇ ਸਟੇਜ ਸਾਂਝੀ ਕਰਨ ਦਾ ਮੌਕਾ ਮਿਲਿਆ ਜਿਸ ਦਾ ਮੈਂ ਮਾਣ ਮਹਿਸੂਸ ਕਰਦਾ ਹਾਂ, ਉਨ੍ਹਾਂ ਇਹ ਵੀ ਕਿਹਾ ਕਿ ਮੈਂ ਗਦਰੀ ਬਾਬਿਆਂ ਤੇ ਭਗਤ ਸਰਾਭਿਆਂ ਦੀਆਂ ਕੁਰਬਾਨੀਆਂ ਨੂੰ ਮੁੱਖ ਰੱਖਦੇ ਹੋਏ ਕਿਰਤੀ-ਕਾਮਿਆਂ ਦੀਆਂ ਤੰਗੀਆਂ ਤੁਰਸ਼ੀਆਂ ਤੇ ਲੋਕ-ਹਿਤਾਂ ਦੇ ਗੀਤਾਂ ਨੂੰ ਹੀ ਤਰਜੀਹ ਦਿੱਤੀ ਹੈ, ਪੈਸਾ ਨਹੀਂ ਦੇਖਿਆ। ਲਹਿੰਦੇ ਪੰਜਾਬ ਦੀ ਅਵਾਮ ਜੰਤਾ ਨੇ ਭ੍ਰਭੂਰ ਹੁੰਗਾਰਾ ਦਿੱਤਾ। ਸਰਬਜੀਤ ਮੰਗੂਵਾਲ ਦੇ ਦੱਸਿਆ ਕਿ ਉਨ੍ਹਾਂ ਨੇ ਸਾਡੇ ਬੱਚਿਆਂ ਦੇ ਖੇਡ ਕੈਰੀਅਰ ਦੀ ਗੱਲ ਕਰਦਿਆਂ ਵੱਡੇ ਪੁੱਤਰ ਸੰਨੀ ਵਲੋਂ ਨੈਸ਼ਨਲ ਪੱਧਰ ਦੇ ਮੈਚਾਂ ਵਿੱਚ ਜੋਰਦਾਰ ਸ਼ਾਟ ਲਗਾ ਕੇ ਕੀਤੇ ਗੋਲਾਂ ਤੇ ਨਾਪ ਤੋਲ ਕੇ ਆਪਣੀ ਟੀਮ ਦੇ ਖਿਡਾਰੀਆਂ ਨੂੰ ਢੁਕਵੀਂ ਥਾਂ ਤੇ ਬਾਲ-ਪਾਸ ਦੇਣ ਦੀ ਕਲਾ ਨੂੰ ਵੀ ਸਰਾਇਆ ਅਤੇ ਛੋਟੇ ਪੁੱਤਰ ਮਨੀ ਵਲੋਂ ਫੁਰਤੀ ਨਾਲ ਗੋਲ ਕਰਕੇ 2015-16 ਦੀ ਆਈ ਲੀਗ ਸੈਕਿੰਡ ਡਵੀਜ਼ਨ 'ਚ ਟੌਪ ਸਕੋਰਰ ਬਣਨ ਦਾ ਜਿਕਰ ਵੀ ਕੀਤਾ, ਛੋਟੀ ਬੇਟੀ ਮਮਤਾ ਨੇ ਐਮ ਪੀ ਐਡ ਕਰਦਿਆਂ ਹੋਇਆਂ ਐਥਲੈਟਿਕਸ ਦੇ ਨਾਲ-ਨਾਲ ਖਾਲਸਾ ਕਾਲਜ ਮਾਹਿਲਪੁਰ ਵਲੋਂ ਇੰਟਰ-ਕਾਲਜ ਫੁੱਟਬਾਲ ਚੈਂਪੀਅਨਸ਼ਿਪ ਵਿੱਚ ਸਿਲਵਰ ਮੈਡਲ ਜਿੱਤਣ ਦੀ ਗੱਲ ਵੀ ਕੀਤੀ ਅਤੇ ਵੱਡੀ ਬੇਟੀ ਜੋਤੀ ਵਲੋਂ ਜਰਮਨ ਦੇ ਬਰਲਿਨ ਸ਼ਹਿਰ ਵਿਖੇ 2023-24 ਦੀਆਂ ਸਪੈਸ਼ਲ ਉਲੰਪਿਕ ਖੇਡਾਂ ਦੀ ਓਪਨਿੰਗ-ਸੈਰੇਮਨੀ ਵਿੱਚ ਗੈਸਟ-ਖਿਡਾਰਨ ਵਜੋਂ ਇੰਡੀਆ ਦੀ ਨੁਮਾਇੰਦਗੀ ਕਰਨ ਦਾ ਜਿਕਰ ਕਰਦਿਆਂ ਸਾਰੇ ਪਰਿਵਾਰ ਨੂੰ ਮੁਬਾਰਕਾਂ ਦਿੱਤੀਆਂ। ਸਰਬਜੀਤ ਮੰਗੂਵਾਲ ਨੇ ਦੱਸਿਆ ਕਿ ਇਸ ਮਾਣਮੱਤੀ ਪ੍ਰਾਪਤੀ ਤੇ ਸਾਰੇ ਇਲਾਕਾ ਨਿਵਾਸੀ, ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਲੋਕ ਅਤੇ ਸਾਡਾ ਸਾਰਾ ਪਰਿਵਾਰ ਬਹੁਤ ਫਖਰ ਮਹਿਸੂਸ ਕਰ ਰਿਹਾ ਹੈ। ਸਰਬਜੀਤ ਮੰਗੂਵਾਲ ਨੇ ਆਪਣੀ'ਫੁੱਟਬਾਲ ਦੇ ਅੰਗ-ਸੰਗ' ਪੁਸਤਕ ਵੀ ਉਨ੍ਹਾਂ ਨੂੰ ਗਿਫਟ ਕੀਤੀ। ਇਸ ਮੌਕੇ ਧਰਮਿੰਦਰ ਮਸਾਣੀ,ਨਿੰਤਨ ਮੁਕੰਦਪੁਰ, ਵਰਿੰਦਰ, ਮੈਡਮ ਸੁਨੀਤਾ ਸ਼ਰਮਾ ਅਤੇ ਸਰਬਜੀਤ ਮੰਗੂਵਾਲ ਸਾਰੇ ਹੀ ਸੰਸਾਰ ਦੀ ਸਾਂਝ ਦੇ ਸਤਿਕਾਰਤ ਸਿੰਬਲ ਓਲੰਪਿਕ ਲੋਗੋ ਦੇ ਨਾਲ ਤਸਵੀਰ ਖਿਚਵਾਉਣ ਸਮੇਂ ਮੌਜੂਦ ਹਨ।

# ਸੂਬੇ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਦੀ ਲੋੜ 'ਤੇ ਜ਼ੋਰ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਦੇ ਨੁਮਾਇੰਦੇ ਬੰਗਾ ਪੁੱਜੇ

**ਬੰਗਾ (ਚਰਨਜੀਤ ਸੱਲ੍ਹਾਂ )** ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਪੰਜਾਬ ਦੇ ਨੁਮਾਇੰਦੇ ਅੱਜ ਬੰਗਾ ਪੁੱਜੇ। ਉਹਨਾਂ ਦੱਸਿਆ ਕਿ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਪਵਿੱਤਰ ਸਰੀਰਾਂ ਦੇ ਸੰਸਕਾਰ ਲਈ ਸੇਵਾ ਨਿਭਾਉਣ ਵਾਲੇ ਦੀਵਾਨ ਟੋਡਰ ਮੱਲ ਦੀ ਜਹਾਜੀ ਹਵੇਲੀ ਨੂੰ ਸੰਭਾਲਣ ਲਈ ਨਿਰਮਾਣ ਕਾਰਜ ਜੰਗੀ ਪੱਧਰ ਨਾਲ ਜਾਰੀ ਹਨ। ਇਹ ਵੀ ਜਾਣਕਾਰੀ ਸਾਂਝੀ ਕੀਤੀ ਗਈ ਕਿ ਇਹ ਕਾਰਜ ਅਗਲੇ ਸਾਲ ਤੱਕ ਮੁਕੰਮਲ ਕਰ ਲਏ ਜਾਣਗੇ ਜਿਹਨ੍ਹਾਂ ਲਈ ਅਮਰੀਕਾ ਦੇ ਸੰਧੂ ਪਰਿਵਾਰ ਦੇ ਆਰਥਿਕ ਸਹਿਯੋਗ ਤੋਂ ਇਲਾਵਾ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੂਰਨ ਸਾਥ ਦਿੱਤਾ ਜਾ ਰਿਹਾ ਹੈ। ਫਾਊਂਡੇਸ਼ਨ ਦੇ ਪ੍ਰਧਾਨ ਲਖਵਿੰਦਰ ਸਿੰਘ ਕਾਹਨੇ ਕੇ ਨੇ ਕਿਹਾ ਕਿ



ਫਾਊਂਡੇਸ਼ਨ ਦੇ ਪ੍ਰਧਾਨ ਲਖਵਿੰਦਰ ਸਿੰਘ ਕਾਹਨੇ ਕੇ ਗੱਲਬਾਤ ਕਰਦੇ ਹੋਏ।

ਅਗਲੀਆਂ ਪੀੜ੍ਹੀਆਂ ਨੂੰ ਸੰਘਰਸ਼ ਅਤੇ ਕੁਰਬਾਨੀ 'ਚ ਲਬਰੇਜ਼ ਵਿਰਸੇ ਨਾਲ ਜੁੜੇ ਰੱਖਣ ਲਈ ਇਤਿਹਾਸ ਅਤੇ ਇਤਿਹਾਸਕ ਸਥਾਨ ਸਾਂਭਣ ਦੀ ਲੋੜ ਹੈ। ਉਹਨਾਂ ਕਿਹਾ ਕਿ ਵਿਰਸੇ ਨਾਲ ਜੁੜੇ ਰਹਿ ਕੇ ਜਿੱਥੇ ਸਮਾਜਿਕ ਸਥਾਪਤੀ ਨੂੰ ਬਲ ਮਿਲਦਾ ਹੈ ਉੱਥੇ ਵਿਅਕਤੀਗਤ ਸ਼ਖ਼ਸੀਅਤ ਨਿਰਮਾਣ ਵੀ ਹੁੰਦਾ ਹੈ। ਇਸ ਮੌਕੇ ਉਹਨਾਂ ਨਾਲ ਫਾਊਂਡੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਕਿਰਪਾਲ ਸਿੰਘ ਬਲਾਕੀਪੁਰ ਅਤੇ ਜਨਰਲ ਸਕੱਤਰ ਗਿਆਨੀ ਜਸਵਿੰਦਰ ਸਿੰਘ ਬਡਰੁੱਖਾਂ ਵੀ ਸ਼ਾਮਲ ਸਨ। ਉਹ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਵੀ ਗਏ ਅਤੇ ਸ਼ਹੀਦ ਭਗਤ ਸਿੰਘ ਦੀ ਯਾਦਗਾਰ 'ਚ ਸੁਸ਼ੋਭਿਤ ਆਜ਼ਾਦੀ ਸੰਘਰਸ਼ ਨਾਲ ਜੁੜੀਆਂ ਯਾਦਾਂ ਨੂੰ ਵੀ ਨਿਹਾਰਿਆ।

# ਵਰਦੀ ਤੋਂ ਪ੍ਰੇਰਨਾ - ਟੌਪਰਾਂ ਨੇ ਦੇਖਿਆ ਪੁਲਿਸ ਸੇਵਾ ਦਾ ਅਸਲੀ ਚਿਹਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਖ਼ਤ ਮਿਹਨਤ ਅਤੇ ਲਗਨ ਨਾਲ ਬਾਰ੍ਹਵੀਂ ਕਲਾਸ ਵਿੱਚ ਜ਼ਿਲ੍ਹਾ ਅਤੇ ਸੂਬਾ ਪੱਧਰ 'ਤੇ ਸਥਾਨ ਹਾਸਲ ਕਰਨ ਵਾਲੇ ਤਿੰਨ ਹੋਣਹਾਰ ਵਿਦਿਆਰਥੀਆ ਨੇ ਅੱਜ ਪੰਜਾਬ ਸਰਕਾਰ ਦੀ ਵਿਲੱਖਣ ਪਹਿਲ 'ਇਕ ਦਿਨ ਐਸ.ਐਸ.ਪੀ ਦੇ ਨਾਲ' ਪ੍ਰੋਗਰਾਮ ਤਹਿਤ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਨਾਲ ਪੂਰਾ ਦਿਨ ਬਿਤਾਇਆ। ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਪੁਲਿਸ ਸੇਵਾ ਦੀ ਕਾਰਜਸ਼ੈਲੀ, ਅਨੁਸ਼ਾਸਨ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਤੋਂ ਜਾਣੂ ਕਰਵਾਉਣ ਦੇ ਉਦੇਸ਼ ਨਾਲ ਆਯੋਜਿਤ ਕੀਤਾ ਗਿਆ ਸੀ।



ਦਿਨ ਦੀ ਸ਼ੁਰੂਆਤ ਐਸ.ਐਸ.ਪੀ ਦਫ਼ਤਰ ਵਿਖੇ ਚਾਹ ਅਤੇ ਗੱਲਬਾਤ ਸੈਸ਼ਨ ਨਾਲ ਹੋਈ। ਐਸ.ਐਸ.ਪੀ. ਮਲਿਕ ਨੇ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਨਾ ਸਿਰਫ਼ ਪੁਲਿਸ ਸੇਵਾ ਦੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਇਆ, ਸਗੋਂ ਆਪਣੇ ਨਿੱਜੀ ਜੀਵਨ, ਵਿਦਿਆਰਥੀ ਦਿਨਾਂ ਅਤੇ ਆਈ.ਪੀ.ਐਸ ਬਣਨ ਦੀ ਯਾਤਰਾ ਵੀ ਸਾਂਝੀ ਕੀਤੀ। ਇਸ ਖੁੱਲ੍ਹੇ ਅਤੇ ਸੁਭਾਵਿਕ ਗੱਲਬਾਤ ਨੇ ਵਿਦਿਆਰਥੀਆਂ ਨੂੰ ਪੁਲਿਸ ਅਧਿਕਾਰੀ ਦੇ ਮਨੁੱਖੀ ਪੱਖ ਤੋਂ ਵੀ ਜਾਣੂ ਕਰਵਾਇਆ।

ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਪੁਲਿਸ ਵਿਭਾਗ ਦੇ ਵੱਖ-ਵੱਖ ਕੇਂਦਰਾਂ ਜਿਵੇਂ ਕਿ ਕੰਟਰੋਲ ਰੂਮ, ਸਾਈਬਰ ਸੁਰੱਖਿਆ ਸੈੱਲ, ਮਹਿਲਾ ਸੈੱਲ, ਸਟੋਰੇਜ ਰੂਮ, ਸਾਂਝਾ ਕੇਂਦਰ, ਹਿਰਾਸਤ ਸੈੱਲ ਦਾ ਦੌਰਾ ਕਰਵਾਇਆ ਗਿਆ। ਉਨ੍ਹਾਂ ਦੇਖਿਆ ਕਿ ਕਿਸ ਤਰ੍ਹਾਂ ਪੁਲਿਸ ਫੋਰਸ 24 ਘੰਟੇ ਸ਼ਹਿਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੀ ਹੈ। ਵਿਦਿਆਰਥੀਆਂ ਨੂੰ ਕੇਸ ਹੈਂਡਲਿੰਗ ਅਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਦਾ ਪਹਿਲਾ ਹੱਥ ਅਨੁਭਵ ਮਿਲਿਆ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਦੁਪਹਿਰ ਦਾ ਭੋਜਨ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਜਨਤਕ ਸੁਣਵਾਈ ਸੈਸ਼ਨ ਵਿੱਚ ਹਿੱਸਾ ਲੈਣ ਦਾ ਮੌਕਾ ਵੀ ਮਿਲਿਆ ਜਿੱਥੇ ਉਨ੍ਹਾਂ ਨੇ ਆਮ ਨਾਗਰਿਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦੇ ਹੱਲ ਦੀ ਪ੍ਰਕਿਰਿਆ ਨੂੰ ਸਮਝਿਆ। ਇਹ ਤਜਰਬਾ ਉਨ੍ਹਾਂ ਨੂੰ ਇਹ ਸਮਝਣ ਲਈ ਕਾਫ਼ੀ ਸੀ ਕਿ ਪੁਲਿਸ ਦੀ ਭੂਮਿਕਾ ਸਿਰਫ਼ ਕਾਨੂੰਨ ਵਿਵਸਥਾ ਬਣਾਈ ਰੱਖਣ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਇੱਕ ਸੰਵੇਦਨਸ਼ੀਲ ਅਤੇ ਜਵਾਬਦੇਹ ਸੇਵਾ ਹੈ। ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਨੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ, ਨੈਤਿਕਤਾ ਅਤੇ ਸਮਾਜ ਸੇਵਾ ਨੂੰ ਆਪਣੇ ਜੀਵਨ ਦਾ ਮੂਲ ਮੰਤਰ ਬਣਾਉਣ ਲਈ ਪ੍ਰੇਰਿਤ ਕੀਤਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵਾੜਾ ਸੈਕਟਰ-1 ਦੇ ਵਿਦਿਆਰਥੀ ਅਨੁਜ ਕੁਮਾਰ, ਅਮਰ ਗੁਪਤਾ ਅਤੇ ਨੌਵਾਂ ਸਥਾਨ ਹਾਸਲ ਕਰਨ ਵਾਲੀ ਵਿਦਿਆਰਥਣ ਪੁਨਿਕਾ ਨੇ ਇਸ ਅਨੁਭਵ ਨੂੰ ਅੱਖਾਂ ਖੋਲ੍ਹਣ ਵਾਲਾ ਅਤੇ ਜੀਵਨ ਬਦਲਣ ਵਾਲਾ ਦੱਸਿਆ। ਉਨ੍ਹਾਂ ਕਿਹਾ ਕਿ ਉਸਦੇ ਲਈ ਇਹ ਅਨੁਭਵ ਨਾ ਸਿਰਫ਼ ਅਕਾਦਮਿਕ ਸਫਲਤਾ ਦਾ ਸਬੂਤ ਹੈ ਬਲਕਿ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਵੀ ਦਿੰਦਾ ਹੈ।

# ਨਵਾਂਸ਼ਹਿਰ ਦੇ ਚੰਦਨਦੀਪ ਨੇ ਬੰਗਲਾਦੇਸ਼ ਵਿੱਚ ਮੁੱਕੇਬਾਜ਼ੀ ਵਿੱਚ ਚਾਂਦੀ ਦਾ ਤਗਮਾ ਜਿੱਤਿਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿੱਚ ਹੋਏ ਅੰਤਰਰਾਸ਼ਟਰੀ ਮੁੱਕੇਬਾਜ਼ੀ ਮੈਚਾਂ ਵਿੱਚ ਚਾਂਦੀ ਦਾ ਤਗਮਾ ਜਿੱਤਣ ਵਾਲੇ ਸਥਾਨਕ ਨਿਵਾਸੀ ਚੰਦਨਦੀਪ ਸਿੰਘ ਨੂੰ ਨਵਾਂਸ਼ਹਿਰ ਵਾਪਸ ਆਉਣ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੇ ਖੇਡ ਵਿਭਾਗ ਨੇ ਉਸਨੂੰ ਸਭ ਤੋਂ ਵਧੀਆ ਦਿੱਤਾ ਹੈ। ਮੁੱਕੇਬਾਜ਼ੀ ਵਿੱਚ ਹੋਰ ਉਚਾਈਆਂ 'ਤੇ ਪਹੁੰਚਣ ਲਈ ਹਰ ਸੰਭਵ ਮਦਦ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਪਣੇ ਦਫ਼ਤਰ ਵਿੱਚ ਚੰਦਨਦੀਪ ਸਿੰਘ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਖਿਡਾਰੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਤਗਮੇ ਜਿੱਤ ਕੇ ਪੂਰੇ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਉਨ੍ਹਾਂ ਚੰਦਨਦੀਪ ਸਿੰਘ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਅਤੇ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਦੀ ਕਾਮਨਾ ਕੀਤੀ। ਉਨ੍ਹਾਂ ਖਿਡਾਰੀ ਚੰਦਨਦੀਪ ਸਿੰਘ ਨੂੰ ਅਪੀਲ ਕੀਤੀ ਕਿ ਉਹ ਪੰਜਾਬ



ਸਰਕਾਰ ਦੇ ਖੇਡ ਵਿਭਾਗ ਵੱਲੋਂ ਜੋ ਵੀ ਸਹੂਲਤ ਦਿੱਤੀ ਜਾ ਰਹੀ ਹੈ, ਉਸਦਾ ਪੂਰਾ ਲਾਭ ਉਠਾਉਣ, ਭਵਿੱਖ ਵਿੱਚ ਵੀ ਇਸੇ ਤਰ੍ਹਾਂ ਨਾਮ ਰੱਖਿਆ ਜਾਵੇ। ਚੰਦਨਦੀਪ ਸਿੰਘ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਉਹ ਬੀ. .. ਉਹ ਭਾਗ ਤਿੰਨ ਦਾ ਵਿਦਿਆਰਥੀ ਹੈ ਅਤੇ 24 ਮਈ ਨੂੰ ਚਾਂਦੀ ਦਾ ਤਗਮਾ ਜਿੱਤ ਕੇ ਘਰ ਪਰਤਿਆ ਹੈ। ਚੰਦਨਦੀਪ ਸਿੰਘ ਨੇ ਕਿਹਾ ਕਿ ਉਸਨੇ 70 ਕਿਲੋਗ੍ਰਾਮ ਭਾਰ ਵਰਗ ਵਿੱਚ ਹਿੱਸਾ ਲਿਆ ਅਤੇ ਚਾਂਦੀ ਦਾ ਤਗਮਾ ਜਿੱਤਿਆ। ਜ਼ਿਲ੍ਹਾ ਖੇਡ ਅਧਿਕਾਰੀ ਵੰਦਨਾ ਚੌਹਾਨ ਨੇ ਖਿਡਾਰੀ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਖੇਡ ਵਿਭਾਗ ਸਮੇਂ-ਸਮੇਂ 'ਤੇ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਦੇ ਪ੍ਰਸਾਰ ਅਤੇ ਖਿਡਾਰੀਆਂ ਦੇ ਸਰਵਪੱਖੀ ਵਿਕਾਸ ਲਈ ਅਮਿੱਟ ਕਦਮ ਚੁੱਕ ਰਹੀ ਹੈ ਜਿਸ ਤਹਿਤ ਮੌਜੂਦਾ ਵਿੱਤੀ ਸਾਲ ਵਿੱਚ 'ਖੇਡਾ ਪੰਜਾਬ, ਬਦਲਦਾ ਪੰਜਾਬ' ਦੇ ਵਿਜ਼ਨ ਨੂੰ ਪੂਰਾ ਕਰਨ ਲਈ 979 ਕਰੋੜ ਰੁਪਏ ਰੱਖੇ ਗਏ ਹਨ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਹੈ। ਜਾਰੀ ਕੀਤੀ ਜਾਣ ਵਾਲੀ ਰਕਮ ਤੋਂ ਵੱਧ ਹੈ। ਉਨ੍ਹਾਂ ਕਿਹਾ ਕਿ ਸੂਬਾ ਖਿਡਾਰੀਆਂ ਨੂੰ ਇੱਕ ਰਚਨਾਤਮਕ ਮਾਹੌਲ ਅਤੇ ਉਨ੍ਹਾਂ ਦੇ ਖੇਡ ਵਿੱਚ ਅੱਗੇ ਵਧਣ ਲਈ ਲੋੜੀਂਦੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ।

# ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂਆਂ ਦੀ ਰਿਹਾਈ ਲਈ ਨਵਾਂਸ਼ਹਿਰ ਵਿਚ ਮੁਜਾਹਰਾ 2 ਜੂਨ ਨੂੰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** 20 ਮਈ ਨੂੰ ਜਿਲਾ ਸੰਗਰੂਰ ਦੇ ਬੇਚਿਰਾਗ ਪਿੰਡ ਐਸਵਾਨ ਬੀੜ ਜਮੀਨ ਉੱਤੇ ਬੇਗਮਪੁਰਾ ਵਸਾਉਣ ਵਸਾਉਣ ਦਾ ਐਲਾਨ ਕਰਨ ਵਾਲੀ 'ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ' ਦੇ ਸੈਂਕੜੇ ਆਗੂਆਂ ਅਤੇ ਵਰਕਰਾਂ ਦੀ ਰਿਹਾਈ ਦੀ ਮੰਗ ਨੂੰ ਲੈਕੇ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋਂ ਪੰਜਾਬ ਦੇ ਜਿਲਾ ਹੈੱਡਕੁਆਰਟਰਾਂ ਉੱਤੇ ਮੁਜਾਹਰੇ ਕਰਨ ਦੇ ਸੱਦੇ ਤਹਿਤ ਮਜਦੂਰ ਜਥੇਬੰਦੀਆਂ ਵਲੋਂ ਨਵਾਂਸ਼ਹਿਰ ਵਿਖੇ ਰੋਹ ਭਰਪੂਰ ਮੁਜਾਹਰਾ ਕੀਤਾ ਜਾਵੇਗਾ। ਮੁਜਾਹਰੇ ਤੋਂ ਪਹਿਲਾਂ ਸਵੇਰੇ 9 ਵਜੇ ਬੱਸ ਅੱਡਾ ਨਵਾਂਸ਼ਹਿਰ ਵਿਖੇ ਰੈਲੀ ਕੀਤੀ ਜਾਵੇਗੀ। ਇਹ ਫੈਸਲਾ ਅੱਜ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਮਜਦੂਰ ਜਥੇਬੰਦੀਆਂ ਦੀ ਹੋਈ ਮੀਟਿੰਗ ਵਿਚ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੇਂਡੂ ਮਜਦੂਰ ਯੂਨੀਅਨ ਦੇ ਜਿਲਾ ਆਗੂ ਕਮਲਜੀਤ ਸਨਾਵਾ ਨੇ ਦੱਸਿਆ ਕਿ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ ਇਹ ਐਲਾਨ ਕੀਤਾ ਹੋਇਆ ਸੀ ਕਿ 20 ਮਈ ਨੂੰ ਜਿਲਾ ਸੰਗਰੂਰ



ਦੇ ਐਸਵਾਨ ਬੀੜ ਦੀ 927 ਏਕੜ ਜਮੀਨ ਮਜਦੂਰਾਂ ਵਿਚ ਵੰਡਕੇ ਉੱਥੇ ਬੇਗਮ ਪੁਰਾ ਵ ਸ ਾ ਇ ਆ ਾ ਜਾਵੇਗਾ। ਪੰਜਾਬ ਦੀ ਮਾਨ ਸਰਕਾਰ ਦੀ ਪੁਲਸ ਨੇ ਪਿੰਡਾਂ ਵਿਚ ਛਾਪੇਮਾਰੀ ਕਰਕੇ ਅਤੇ ਨਾਕੇ ਲਾਕੇ ਕਮੇਟੀ ਦੇ ਸੈਂਕੜੇ ਆਗੂਆਂ ਅਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਹਲਾਂ ਵਿਚ ਬੰਦ ਕਰ ਦਿੱਤਾ ਜਿਹਨਾਂ ਵਿਚ ਮਜਦੂਰ ਔਰਤਾਂ ਵੱਡੀ ਗਿਣਤੀ ਵਿਚ ਸ਼ਾਮਲ ਹਨ। ਇੱਥੇ ਹੀ ਬਸ ਨਹੀਂ ਬੀਤੇ ਕੱਲ ਵੀ ਪੁਲਸ ਨੇ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੇ ਘਰ ਦੇ ਜਿੰਦਰੇ ਤੋੜਕੇ ਤਲਾਸ਼ੀ ਲਈ ਅਤੇ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕੀਤੀ। ਉਹਨਾਂ ਕਿਹਾ ਕਿ ਮਾਨ ਸਰਕਾਰ ਦਾ ਮਜਦੂਰ ਵਿਰੋਧੀ ਅਤੇ ਜਮਹੂਰੀਅਤ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਇਸ ਮੀਟਿੰਗ ਨੂੰ ਕਾਮ-ਰੇਡ ਨਿਰੰਜਣ ਦਾਸ, ਕੁੱਲ ਹਿੰਦ ਮਜਦੂਰ ਸਭਾ ਦੇ ਆਗੂ ਪਰਮਿੰਦਰ ਮੇਨਕਾ, ਸੰਤੋਖ ਪਾਲ,ਗੁਰਬਖਸ਼ ਕੌਰ,ਧਰਮ ਪਾਲ,ਸਰਾਧੂ ਰਾਮ,ਪੰਜਾਬ ਖੇਤ ਮਜਦੂਰ ਸਭਾ ਦੇ ਆਗੂ ਸੁਰਿੰਦਰ ਭੱਟੀ, ਸੁਖਦੇਵ ਸਿੰਘ ਰਾਹੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਾਨ ਸਰਕਾਰ ਸੂਬੇ ਵਿਚ ਲੈਂਡ ਸੀਲਿੰਗ ਐਕਟ ਲਾਗੂ ਕਰਕੇ ਸਾਢੇ ਸਤਾਰਾਂ ਏਕੜ ਤੋਂ ਵਾਧੂ ਜਮੀਨ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਵਿਚ ਵੰਡੇ।

# ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ

**30 ਮਈ ਨੂੰ ਬਰਸੀ 'ਤੇ ਵਿਸ਼ੇਸ਼।**

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ ਸੰਨ 1563 ਈਸਵੀ ਨੂੰ ਸ੍ਰੀ ਗੋਬਿੰਦਵਾਲ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਸ੍ਰੀ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਸਨ ।ਆਪ ਜੀ ਦੀ ਸੁਪਤਨੀ ਦਾ ਨਾਮ ਮਾਤਾ ਗੰਗਾ ਜੀ ਸੀ । ਆਪ ਜੀ ਦੇ ਘਰ ਇੱਕ ਸਪੁੱਤਰ ਨੇ ਜਨਮ ਲਿਆ ।ਜਿਸ ਦਾ ਨਾਮ (ਗੁਰੂ) ਹਰਗੋਬਿੰਦ (ਸਾਹਿਬ ਜੀ )ਰੱਖਿਆ ਗਿਆ।

ਬਚਪਨ ਤੋਂ ਹੀ ਆਪ ਨੂੰ ਸਿੱਖੀ ਵਾਤਾਵਰਨ ਵਿੱਚ ਹਰ ਪ੍ਰਕਾਰ ਦੀ ਧਾਰਮਿਕ ਅਤੇ ਆਤਮਿਕ ਸਿੱਖਿਆ ਮਿਲ ਰਹੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਹੋਣਹਾਰ ਬਾਲਕ ਦੀਆਂ ਗੱਲਾਂ ਤੇ ਖੇਡਾਂ ਵੇਖ ਕੇ ਪਛਾਣ ਲਿਆ ਸੀ।ਕਿ ਇਹ "ਕੋਈ ਵੱਡਾ ਪੁਰਖ ਹੈ ਭਾਰੀ।"ਇੱਕ ਹੋਰ ਕਥਨ ਅਨੁਸਾਰ ਗੁਰੂ ਅਮਰਦਾਸ ਜੀ ਨੇ "ਦੋਹਿਤਾ ਬਾਣੀ ਦਾ ਬੋਹਿਥਾ" ਦੀ ਭਵਿੱਖਬਾਣੀ ਵੀ ਕੀਤੀ।

ਗੁਰਮੁਖੀ ਅੱਖਰ ਆਪੂ ਗੁਰੂ ਅਮਰਦਾਸ ਜੀ ਨੇ ਸਿਖਾਏ। ਵੇਖ -ਰੇਖ ਬਾਬਾ ਬੁੱਢਾ ਜੀ ਕਰ ਰਹੇ ਸਨ। ਮੋਹਰੀ ਜੀ ਨੇ ਗਣਿਤ ਵਿੱਦਿਆ ਸਿਖਾਈ । ਦੇਵ ਨਾਗਰੀ ਪਿੰਡ ਦੀ ਪਾਠਸ਼ਾਲਾ ਤੋਂ ਸਿੱਖੀ। ਸੰਸਕ੍ਰਿਤ ਦਾ ਗਿਆਨ ਪੰਡਿਤ ਬੈਣੀ ਕੋਲੋਂ ਸਿੱਖਿਆ। ਗੁਰੂ ਅਰਜਨ ਦੇਵ ਜੀ ਨੇ ਹਰ ਵਿਦਿਆ ਵਿੱਚ ਮੁਹਾਰਤ ਹਾਸਲ ਕਰ ਲਈ ਸੀ। ਆਪ ਜੀ ਨੇ ਚਿੱਤਰਕਾਰੀ ਵੀ ਸਿੱਖ ਲਈ ਸੀ, ਅਤੇ ਉਸਾਰੀ ਤੇ ਸ਼ਿਲਪ ਕਲਾ ਵਿੱਚ ਵੀ ਨਿਪੁੰਨ ਹੋ ਗਏ ਸਨ । ਹਰਿਮੰਦਰ ਸਾਹਿਬ, ਤਰਨਤਾਰਨ, ਡੱਬੀ ਬਾਜ਼ਾਰ ਲਾਹੌਰ, ਬਾਉਲੀ ਸਾਹਿਬ ਤੇ ਦੀਵਾਨ ਖ਼ਾਨਾ ,ਕਰਤਾਰਪੁਰ (ਜਿਲਾ ਜਲੰਧਰ) ਦਾ ਸੀਸ਼ ਮਹਿਲ ਅਤੇ ਉਹਨਾਂ ਦੁਆਰਾ ਲਗਾਏ ਗਏ ਬਾਗ ਢੁਕਵੀਆਂ ਉਦਾਹਰਨਾਂ ਹਨ ।ਘੋੜਸਵਾਰੀ ਦੇ ਆਪ ਜੀ ਮਾਰ ਸਨ। ਨੇਜ਼ਾ ਬਾਜ਼ੀ ਉਹਨਾਂ ਵਰਗੀ ਕੋਈ ਨਹੀਂ ਜਾਣਦਾ ਸੀ। ਸੇਵਾ ਵਿੱਚ ਟੁੱਟੇ ਰਹਿੰਦੇ ਸਨ।

(ਗੁਰੂ) ਅਰਜਨ ਦੇਵ ਜੀ ਗੁਰਬਾਣੀ ਦੇ ਪ੍ਰਚਾਰ ਵੱਲ ਬਹੁਤ ਧਿਆਨ ਦਿੰਦੇ ਸਨ ।ਲੰਗਰ ਦੀ ਰਸਦ, ਮਾਇਆ ਤੇ ਮਸੰਦਾਂ ਰਾਹੀਂ ਬਾਹਰੋਂ ਆਈ ਮਾਇਆ ਦਾ ਹਿਸਾਬ ਪ੍ਰਿਥੀ ਚੰਦ ਜੀ ਰੱਖਦੇ ਸਨ ।(ਗੁਰੂ) ਅਰਜਨ ਦੇਵ ਜੀ ਸਿਰਫ ਸੇਵਾ ਹੀ ਆਪਣਾ ਮੁੱਖ ਮੰਤਵ ਸਮਝਦੇ ਸਨ । ਮਹਾਦੇਵ ਜੀ ਇਹਨਾਂ ਨੂੰ ਖਲਜਗਣ ਕਹਿੰਦੇ ਸਨ ਤੇ ਸਾਰਾ ਸਮਾਂ (ਅਤੀਤ) ਵੈਰਾਗੀ ਰੂਪ ਵਿੱਚ ਗੁਜ਼ਾਰਦੇ ਸਨ।

ਸ੍ਰੀ ਗੁਰੂ ਰਾਮਦਾਸ ਜੀ, ਚੌਥੇ ਗੁਰੂ ਦੁਆਰਾ ਆਪ ਜੀ ਵਿਚਲੇ ਗੁਣਾਂ, ਸੇਵਾ-ਸੰਪੰਨਤਾ, ਤਿਆਗ, ਦਲੇਰੀ ,ਗਿਆਨ ਅਤੇ ਕੁਰਬਾਨੀ ਦੇ ਜਜ਼ਬਿਆਂ ਅਤੇ ਗੁਰਗੱਦੀ ਸੰਭਾਲਣ ਦੀ ਯੋਗਤਾ ਸਦਕਾ ਇੱਕ ਸਤੰਬਰ, ਸੰਨ 1581 ਈਸਵੀ ਨੂੰ ਆਪ ਜੀ ਨੂੰ ਗੁਰਗੱਦੀ ਦੀ ਸੇਵਾ ਸੰਭਾਲ ਦਿੱਤੀ। ਗੁਰੂ ਜੀ ਦੀ ਉਮਰ ਉਸ ਸਮੇਂ 18 ਸਾਲ ਚਾਰ ਮਹੀਨੇ ਹੀ ਸੀ। ਆਪ ਜੀ ਇਸ ਗੁਰਤਾ ਗੱਦੀ ਤੇ 30 ਮਈ ਸਨ 1606 ਤੱਕ ਬਿਰਾਜਮਾਨ ਰਹੇ।

ਗੁਰੂ ਘਰ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਣ, ਅਤੇ ਲੋੜਵੰਦਾਂ ਦੀ ਮੱਦਦ ਕਰਨ ਲਈ ਗੁਰੂ ਅਰਜਨ ਦੇਵ ਜੀ ਨੇ ਗੁਰਸਿੱਖਾਂ ਲਈ ਦਸਵੰਧ ਦੀ ਮਰਿਆਦਾ ਬੰਨ੍ਹੀ ।ਇਹ ਮਾਇਆ ਉਸ ਸਮੇਂ ਦੇ ਮਸੰਦ ਸੰਗਤਾਂ ਪਾਸੋਂ ਇਕੱਠੀ ਕਰਕੇ ਗੁਰੂ ਸਾਹਿਬ ਕੋਲ ਪਹੁੰਚਾਉਂਦੇ ਸਨ।

ਸੰਨ 1588 ਈਸਵੀ ਜਨਵਰੀ ਦੀ ਤਿੰਨ (ਮਾਘੀ ਵਾਲੇ ਦਿਨ) ਆਪ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਕੇਂਦਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ ਲਈ ਨੀਂਹ ਮੁਸਲਮਾਨ ਫ਼ਕੀਰ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ। ਸ੍ਰੀ ਹਰਿਮੰਦਰ ਸਾਹਿਬ ਦੇ ਬਣਨ ਨਾਲ ਸਿੱਖੀ ਦਾ ਕੇਂਦਰ ਮਜ਼ਬੂਤ ਹੋ ਗਿਆ। ਇਸ ਸਥਾਨ ਨੂੰ ਗੋਲਡਨ ਟੈਂਪਲ ਕਹਿਣਾ ਵੱਡੀ ਭੁੱਲ ਅਤੇ ਅਗਿਆਨਤਾ ਹੈ ।ਕਿਉਂਕਿ ਇਸਦੀ ਮਹਾਨਤਾ ਸੋਨੇ ਕਰਕੇ ਨਹੀਂ ਬਲਕਿ (ਹਰੀ )ਪਰਮਾਤਮਾ ਦੇ ਨਾਮ ਦੀ ਕੀਰਤੀ ਦੇ ਕੇਂਦਰ ਵਜੋਂ ਹੈ। ਇਸ ਦੇ ਚਾਰ ਦਰਵਾਜੇ ਚਾਰਾਂ ਦਿਸ਼ਾਵਾਂ ਨੂੰ ਖੁੱਲਦੇ ਹਨ। ਜਿਸ ਨਾਲ ਪੂਰਬ, ਪੱਛਮ ਆਦਿ ਦਿਸ਼ਾਵਾਂ ਦਾ ਝਗੜਾ ਹੀ ਮੁਕਾ ਦਿੱਤਾ ਅਤੇ ਇਸ ਨੂੰ ਸਰਬ ਸਾਂਝਾ ਅਤੇ



ਸਰਬ ਲੋਕਾਈ ਲਈ ਪਰਮ ਪਵਿੱਤਰ ਅਸਥਾਨ ਬਣਾ ਦਿੱਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਵਾਂ ਨਗਰ ਸੰਨ 1590 ਈਸਵੀ ਵਿੱਚ ਵਸਾਇਆ ।ਜਿਸ ਦਾ ਨਾਮ ਤਰਨ ਤਾਰਨ ਰੱਖਿਆ ਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਤਰਨ ਤਾਰਨ ਦੀ ਉਸਾਰੀ ਤੋਂ ਵਿਹਲੇ ਹੋ ਕੇ ਦੁਆਬੇ ਵੱਲ ਗਏ। ਦੁਆਬੇ ਵਿੱਚ ਵਹਿਮ ਪ੍ਰਸਤੀ ਦਾ ਬਹੁਤ ਜ਼ੋਰ ਸੀ । ਕਹੀਆਂ ਜਾਂਦੀਆਂ ਨੀਵੀਆਂ ਜਾਤਾਂ ਦੇ ਲੋਕਾਂ ਨੇ ਇਸਲਾਮ ਧਰਮ ਨੂੰ ਆਪਣਾ ਲਿਆ ਸੀ। ਕਿਉਂਕਿ ਉਸ ਰਾਹੀਂ ਸਮਾਜ ਵਿੱਚ ਉਹਨਾਂ ਦੀ ਕਦਰ ਵੱਧਦੀ ਸੀ। ਗੁਰੂ ਜੀ ਨੇ ਉਸ ਪਾਸੇ ਵੀ ਧਿਆਨ ਦਿੱਤਾ ਅਤੇ ਦੁਆਬੇ ਵਿੱਚ ਵੀ ਪ੍ਰਚਾਰ ਕੇਂਦਰ ਬਣਾਉਣ ਦਾ ਫੈਸਲਾ ਕੀਤਾ। ਸੰਨ 1593 ਈਸਵੀ ਨੂੰ ਗੁਰੂ ਅਰਜਨ ਦੇਵ ਜੀ ਨੇ ਕਰਤਾਰਪੁਰ ਦੀ ਨੀਹ ਰੱਖੀ। ਕਰਤਾਰਪੁਰ ਵਿੱਚ ਹੀ ਮਾਤਾ ਗੰਗਾ ਜੀ ਦੇ ਨਾਂ ਦਾ ਖੂਹ ਲਗਵਾਇਆ, ਇਸ ਨੂੰ ਗੰਗਾਸਰ ਕਹਿੰਦੇ ਹਨ।

ਤਕਰੀਬਨ ਇੱਕ ਸਾਲ ਦੁਆਬੇ ਵਿੱਚ ਪ੍ਰਚਾਰ ਕਰਕੇ ਗੁਰੂ ਜੀ ਨੇ 1594 ਈਸਵੀ ਨੂੰ ਵਡਾਲੀ ਵੱਲ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ।ਆਪ ਜੀ ਨੇ ਪੱਕਾ ਟਿਕਾਣਾ ਵਡਾਲੀ ਰੱਖਿਆ ਤੇ ਉੱਥੋਂ ਹੀ ਪ੍ਰਚਾਰ ਕਰਨ ਲਈ ਜਾਂਦੇ। 19 ਜੂਨ ਸੰਨ 15 95 ਈਸਵੀ ਨੂੰ ਗੁਰੂ ਹਰਗੋਬਿੰਦ ਜੀ ਦਾ ਜਨਮ ਵਡਾਲੀ ਵਿੱਚ ਹੋਇਆ । ਇਨ੍ਹਾਂ ਹੀ ਸਾਲਾਂ ਵਿੱਚ ਪੰਜਾਬ ਵਿੱਚ ਬਹੁਤ ਵੱਡਾ ਕਾਲ ਪਿਆ। ਮੀਂਹ ਨਾ ਹੋਣ ਕਰਕੇ ਖੇਤੀ ਅਤੇ ਫਸਲਾਂ ਮਾਰੀਆਂ ਗਈਆਂ ।ਖੂਹ ਵੀ ਬਹੁਤ ਘੱਟ ਸਨ ।ਗੁਰੂ ਜੀ ਨੇ ਖੂਬ ਪਟਵਾਉਣ ਦੀ ਮੁਹਿੰਮ ਸ਼ੁਰੂ ਕੀਤੀ। ਗੁਰੂ ਜੀ ਨੇ ਵਕਤ ਦੀ ਲੋੜ ਨੂੰ ਮੁੱਖ ਰੱਖ ਕੇ ਇੱਕ -ਹਰਟੇ ਖੂਹ ਦੀ ਥਾਂ ਦੋ -ਹਰਟੇ ਚੁ -ਹਰਟੇ ਖੂਹ ਲਗਾਉਣੇ ਸ਼ੁਰੂ ਕੀਤੇ ।ਇਸੇ ਤਜ਼ਰਬੇ ਨੂੰ ਕਾਮਯਾਬ ਕਰਨ ਲਈ ਗੁਰੂ ਜੀ ਨੇ ਵਡਾਲੀ ਲਾਗੇ ਪੱਛਮ ਵੱਲ ਇੱਕ ਛੇ -ਹਰਟਾਂ (ਛੇਹਰਟਾ ) ਵਾਲਾ ਖੂਹ ਲਵਾਇਆ ਜਿੱਥੇ ਹੁਣ ਇੱਕ ਸਿੱਧ ਗੁਰਦੁਆਰਾ ਸਾਹਿਬ ਹੈ। ਲਾਹੌਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇੱਕ ਗੁਰੂ ਘਰ ਦੀ ਉਸਾਰੀ ਕੀਤੀ ਇਸ ਦੀ ਇਤਿਹਾਸ ਵਿੱਚ ਸੰਨ 1597 ਈਸਵੀ ਦਰਜ ਹੈ।

### ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਤੇ ਸੰਪਾਦਨ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੀ ਚਾਰ ਗੁਰੂ ਸਾਹਿਬਾਨ ,ਭਗਤਾਂ ,ਭੱਟਾਂ ,ਅਤੇ ਗੁਰਸਿੱਖਾਂ ਦੀ ਬਾਣੀ ਨੂੰ ਇਕੱਠਾ ਕਰਕੇ ਰਾਗਾਂ ਤੇ ਬਾਣੀਆਂ ਦੀ ਤਰਤੀਬ ਦੇ ਇਹ ਭਾਈ ਗੁਰਦਾਸ ਜੀ ਪਾਸੋਂ ਗੁਰਦੁਆਰਾ ਸ੍ਰੀ ਰਾਮਸਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਬੀੜ ਲਿਖਵਾਈ। ਇਹ ਕਾਰਜ ਗੁਰੂ ਜੀ ਨੇ ਸਨ 1601 ਈਸਵੀ ਵਿੱਚ ਸ਼ੁਰੂ ਕੀਤਾ ਜਿਹੜਾ ਸੰਨ 1604 ਈਸਵੀ ਵਿੱਚ ਸੰਪੂਰਨ ਹੋਇਆ। ਇਸ ਥਾਂ ਤੋਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਅੱਜ ਕੱਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ (ਬੀੜਾ )ਬਹੁਤ ਸ਼ਰਧਾ ਤੇ ਸਤਿਕਾਰ ਸਹਿਤ ਛਾਪ ਕੇ ਤਿਆਰ ਕੀਤੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਹਿਲਾਂ ਪੋਥੀ ਸਾਹਿਬ ਕਿਹਾ ਜਾਂਦਾ ਸੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਪੋਥੀ ਸਾਹਿਬ (ਆਦਿ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ )ਦੀ ਪਹਿਲਾਂ ਪ੍ਰਕਾਸ਼ ਇੱਕ ਸਿਤੰਬਰ ਸਨ 1604 ਈਸਵੀ ਨੂੰ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਸਭ ਤੋਂ ਪਹਿਲੇ ਗ੍ਰੰਥੀ ਥਾਪਿਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿੱਚ ਆਪ ਜੀ ਦੀ ਸਭ ਤੋਂ ਵਧੇਰੇ ਬਾਣੀ ਦਰਜ਼ ਹੈ ।ਜੋ ਕਿ 30 ਰਾਗਾਂ ਵਿੱਚ ਹੈ ਅਤੇ 2218 ਸ਼ਬਦ ਬਣਦੇ ਹਨ।

### ਸ਼ਹਾਦਤ ਕਿਵੇਂ ਹੋਈ

ਸ੍ਰੀ ਗੁਰੂ ਅਰਜਨ ਦੇਵ ਜੀ ਜਦ ਲਾਹੌਰ ਪੁੱਜੇ ਤਾਂ ਉਨ੍ਹਾਂ ਉੱਤੇ ਕਈ ਦੂਸ਼ਣ ਲਗਾਏ ਗਏ ।ਖੁਸਰੋ ਦੀ ਮੱਦਦ ਕਰਨ ਦਾ ਇਲਜ਼ਾਮ ਸਭ ਤੋਂ ਉੱਤੇ ਸੀ ।ਗੁਰੂ ਜੀ ਦੇ ਸਾਹਮਣੇ ਦੋ ਰਸਤੇ ਪੇਸ਼ ਕੀਤੇ ਗਏ। ਗੁਰੂ ਜੀ ਨੇ ਹਰ ਦੋਰਾਹੇ ਉੱਤੇ ਕਠਿਨ ਰਸਤਾ ਹੀ ਅਪਣਾਇਆ ।ਇੱਕ ਪਾਸੇ ਚੰਦੂ ਦੀ ਈਰਖਾ ਸੀ ।ਦੂਜੇ ਪਾਸੇ ਸੰਗਤ ਦਾ ਹੁਕਮ ।ਇੱਕ ਪਾਸੇ ਤੱਤੀਆਂ ਤਵੀਆਂ ਦਿਖਦੀਆਂ ਸਨ ।ਦੂਜੇ ਪਾਸੇ ਸ਼ਰਨ ਆਏ ਦੀ ਲਾਜ਼ ਸੀ। ਇੱਕ ਪਾਸੇ ਦੇਗ ਵਿੱਚ ਉਬਾਲਣਾ ਸੀ। ਦੂਜੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਸੀ। ਜਹਾਂਗੀਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੀ ਖੁਸ਼ਾਮਦ ਦੇ ਸ਼ਬਦ ਦਰਜ ਕਰਨ ਲਈ ਵੀ ਆਖਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਵਾਲਾ ਰਸਤਾ ਹੀ ਠੀਕ ਸਮਝਿਆ ।ਗੁਰੂ ਜੀ ਨੂੰ ਲਾਹੌਰ ਦੇ ਹਾਕਮ ਮੁਰਤਜ਼ਾ ਖਾਨ ਹਵਾਲੇ ਕੀਤਾ ਗਿਆ।ਜਹਾਂਗੀਰ ਕੁਝ ਚਿਰ ਲਈ ਅੱਗੇ ਪੇਸ਼ਵਾਲ ਵੱਲ ਚਲਾ ਗਿਆ। ਜਲਦੀ ਹੀ ਵਾਪਸ ਲਾਹੌਰ ਆ ਗਿਆ। ਮੁਰਤਜ਼ਾ ਖ਼ਾਨ ਨੇ ਉਸ ਨਿਰਦਈ ਕੰਮ ਲਈ ਦੀਵਾਨ ਚੰਦੂ ਨੂੰ ਲਗਾਇਆ, ਤਾਂ ਜੋ ਗੁਰੂ ਜੀ ਦੇ ਵਿਰੋਧੀ ਹੋਣ ਦੇ ਕਾਰਨ ਚੰਦੂ ਦੇ ਹਿਰਦੇ ਵਿੱਚ ਤਸੀਹੇ ਦੇਣ ਤੋਂ ਕੋਈ ਸੰਕੋਚ ਪੈਦਾ ਨਾ ਹੋਵੇ। ਆਪ ਜੀ ਨੂੰ ਤੱਤੀ ਤਵੀ ਉੱਤੇ ਬਿਠਾ ਕੇ ਸਿਰ ਉੱਤੇ ਤੱਤੀ ਰੇਤ ਪਾਈ ਗਈ ।ਫਿਰ ਉਬਲਦੇ ਪਾਣੀ ਵਿੱਚ ਉਬਾਲਿਆ ਗਿਆ। ਸਰੀਰ ਛਾਲੇ ਛਾਲੇ ਹੋ ਗਿਆ। ਪਰ ਗੁਰੂ ਜੀ ਨੇ, ਤੇਰਾ ਕੀਆ ਮੀਠਾ ਲਾਗੈ' ਦੀ ਧੁੰਨੀ ਜ਼ਾਰੀ ਰੱਖੀ। ਸਾਈ ਮੀਆਂ ਮੀਰ ਜੀ ਨੇ ਵਿੱਚ ਪੈ ਕੇ ਇਹ ਝਗੜਾ ਮੁਕਾਉਣ ਦੀ ਕੋਸ਼ਿਸ਼ ਕੀਤੀ। ਪਰ ਵਾਹ ਨਾ ਚੱਲੀ। ਜਹਾਂਗੀਰ ਉਸ ਵੇਲੇ ਦਾ ਮੀਆਂ ਮੀਰ ਦੀ ਅਜ਼ਮਤ ਤੋਂ ਜਾਣੂ ਨਹੀਂ ਸੀ। ਗੁਰੂ ਜੀ ਨੇ ਮੀਆਂ ਮੀਰ ਨੂੰ ਵੀ ਵਾਹਿਗੁਰੂ ਦੇ ਹੁਕਮ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਤੇ ਫਰਮਾਇਆ ਕਿ "ਕੀ ਹੋਇਆ ਜੇ ਤਨ ਤਪ ਰਿਹਾ ਹੈ। ਸਾਈ ਦੇ ਪਿਆਰਿਆਂ ਨੂੰ ਭਾਣੇ ਵਿੱਚ ਹੀ ਰਸ ਮਾਨਣਾ ਚਾਹੀਦਾ ਹੈ। ਦੁੱਖ ਰਤਾ ਵੀ ਨਹੀਂ ਹੈ। ਸਰੀਰ ਤੇ ਸੰਸਾਰ ਝੂਠਾ ਹੈ। ਆਤਮਾ ਨਿਰਲੇਪ ਹੈ ।"

ਆਖ਼ਰ ਜਲਾਦਾਂ ਨੇ ਫਿਰ ਵਿਚਾਰਿਆ ਕਿ ਜੇ ਸਰੀਰ ਤੇ ਠੰਡਾ ਪਾਣੀ ਪਾਇਆ ਜਾਵੇ ਤਾਂ ਹੋਰ ਤਕਲੀਫ ਹੋਵੇਗੀ ।ਪੰਜ ਦਿਨ ਤਸੀਹੇ ਦਿੱਤੇ ਜਾਂਦੇ ਰਹੇ। ਜ਼ਾਲਮਾਂ ਨੇ ਆਪਣੇ ਭੈੜੇ ਇਰਾਦਿਆਂ ਨੂੰ ਪੂਰਾ ਕਰਨ ਲਈ ਛੇਵੇਂ ਦਿਨ 30 ਮਈ ਸੰਨ 16 06 ਈਸਵੀ ਨੂੰ ਗੁਰੂ ਜੀ ਦੇ ਨਿਰਬਲ ਸਰੀਰ ਨੂੰ ਰਾਵੀ ਦਰਿਆ ਦੇ ਕਿਨਾਰੇ ਲਿਜਾਇਆ ਗਿਆ। ਛਾਲਿਆਂ ਨਾਲ ਛਾਨਣੀ ਹੋਏ ਸਰੀਰ ਨੂੰ ਰਾਵੀ ਦੀ ਭੇਟ ਕਰ ਦਿੱਤਾ ।ਦਰਿਆ ਵਿੱਚ ਰੋੜੇ ਜਾਣ ਦੀ ਗਵਾਹੀ ਭਾਈ ਰਤਨ ਸਿੰਘ ਜੀ ਭੰਗੂ ਅਤੇ ਮੁਨਸ਼ੀ ਸੋਹਨ ਲਾਲ ਨੇ ਭਰੀ ਹੈ। ਇਸ ਥਾਂ ਅੱਜ ਕੱਲ੍ਹ ਗੁਰਦੁਆਰਾ ਸ੍ਰੀ ਡੇਰਾ ਸਾਹਿਬ (ਪਾਕਿਸਤਾਨ )ਸੁਸ਼ੋਭਿਤ ਹੈ।

ਇਸ ਤਰ੍ਹਾਂ 30 ਮਈ ਸੰਨ 1606 ਈਸਵੀ ਨੂੰ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ । ਜਿਨ੍ਹਾਂ ਦੀ ਯਾਦ ਵਿੱਚ ਸਿੱਖ ਕੌਮ ਅਤੇ ਹੋਰ ਧਰਮਾਂ ਦੇ ਲੋਕ ਵੀ ਬਰਸੀ ਮਨਾਉਂਦੇ ਹਨ। ਦਾਸ ਨੂੰ ਜਿੰਨੀ ਜਾਣਕਾਰੀ ਹੈ। ਉਹ ਮੈਂ ਲਿਖ ਦਿੱਤੀ ਹੈ। ਜੇਕਰ ਕੋਈ ਗ਼ਲਤੀ ਹੋਵੇ ਤਾਂ ਮਾਫ਼ ਕਰਨਾ।

**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
ਪਿੰਡ ਅਤੇ ਡਾਕਖਾਨਾ ਝਬੇਲਵਾਲੀ।
ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ।
6284145349

# ਧੰਨ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ

15 ਅਪ੍ਰੈਲ 1563 ਨੂੰ ਗੁਰੂ ਰਾਮਦ- ਾਸ ਜੀ ਘਰ ਧਾਰਿਆ ਅਵਤਾਰ,ਤਿੰਨਾਂ ਪੁੱਤਰਾਂ ਚੋਂ ਸਭ ਤੋਂ ਛੋਟੇ ਸੂਝਵਾਨ ਬਣਾਏ ਗੱਦੀ ਦੇ ਹੱਕਦਾਰ। ਮਾਤਾ ਬੀਬੀ ਭਾਨੀ ਲਾਡ ਲਡਾਇਆ ਵਿੱਚ ਗੋਇੰਦਵਾਲ, ਪ੍ਰਿਥੀ ਚੰਦ,ਮਹਾਦੇਵ ਤੇ ਅਰਜਨ ਪੁੱਤਰਾਂ ਨਾਲ। ਲਾਹੌਰ ਤੋਂ ਲਿਖ ਲਿਖ ਭੇਜੇ ਸ਼ਬਦ ਹਜ਼ਾਰੇ, ਆਦਿ-ਗ੍ਰੰਥ ਦੀ,ਸੰਪਾਦਨਾ ਵੀ ਕੀਤੀ,ਜਾਈਏ ਵਾਰੇ ਵਾਰੇ।ਹਿੰਦੂ ਤੇ ਮੁਸਲਮਾਨ ਵਿਦਵਾਨਾਂ ਦੀ,ਵੀ ਦਰਜ ਕੀਤੀ ਬਾਣੀ, 30ਰਾਗਾਂ ਵਿੱਚ ਰਚੀ ਗਈ ਸੀ ਗੁਰਬਾਣੀ।

ਧੰਨ ਪੰਚਮ ਪਾਤਸ਼ਾਹ..............!

1604 ਚ ਅੰਮ੍ਰਿਤਸਰ ਵਿੱਚ ਕੀਤਾ ਹਰਿਮੰਦਰ ਵਿੱਚ ਪ੍ਰਕਾਸ਼,ਸਾਈਂ ਮੀਆਂ ਮੀਰ ਸੂਫੀ ਫਕੀਰ ਨੇ,ਕੀਤਾ ਨੀਂਹ-ਪੱਥਰ ਦਾ ਆਗਾਜ਼।ਸ਼ਹਾਦਤ ਦਿੱਤੀ ਪੰਜਵੇਂ ਪਾਤਸ਼ਾਹ ਮੁਗਲਾਂ ਦੇ ਜ਼ੁਲਮਾਂ ਖਿਲਾਫ,ਜਹਾਂਗੀਰ ਲਿਖਦਾ,ਹਿੰਦੂ ਪੀਰ ਇੱਕ ਰਹਿੰਦਾ ਕਿਨਾਰੇ ਦਰਿਆ ਬਿਆਸ। ਅਪਣੇ ਤੌਰ ਤਰੀਕੇ ਨਾਲ, ਗੋਇੰਦਵਾਲ ਵਿਖੇ ਕਰਦਾ ਪ੍ਰਚਾਰ। ਸਿੱਧੇ ਸਾਧੇ ਹਿੰਦੂ, ਮੂਰਖ ਤੇ ਬੁੱਧੂ ਮੁਸਲਮਾਨ, ਨੇ ਉਸਦੇ ਪੈਰੋਕਾਰ। ਚਾਰ ਪੀੜ੍ਹੀਆਂ ਤੋਂ ਚਲੀ ਆ ਰਹੀ ਹੈ ਰੀਤ ਪੁਰਾਣੀ, ਮੈਂ ਵੀ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨ ਦੀ ਹੈ ਠਾਣੀ।

ਧੰਨ ਪੰਚਮ ਪਾਤਸ਼ਾਹ..................!

ਖੁਸਰੋ ਵੀ ਜਦੋਂ ਉਸ ਰਸਤੇ ਲੰਘਿਆ, ਉਸ ਨੂੰ ਵੀ ਕੇਸਰ ਤਿਲਕ ਸੀ ਲਾਇਆ,ਸਾਰਾ ਕੇਸ ਮੁਰਤਜ਼ਾ ਖਾਨ ਹਵਾਲੇ ਕਰਕੇ, ਘਰ-ਬਾਰ ਜ਼ਬਤ ਕਰਾਇਆ। ਹਿੰਦੂਆਂ ਧਾਰਮਿਕ ਸੰਤ ਨੂੰ ਬਾਦਸ਼ਾਹ ਅੱਗੇ ਛੱਡਣ ਦੀ ਬੇਨਤੀ ਕੀਤੀ, ਇਕ ਲੱਖ ਰੁਪਏ ਦੀ ਜਾਮਨੀ ਇੱਕ ਲਾਲਚੀ ਹਿੰਦੂ ਨੇ ਦਿੱਤੀ। ਪੈਸਾ ਵਾਪਸ ਲੈਣ ਲਈ, ਗੁਰੂ ਸਾਹਿਬ ਦਾ



ਸਾਰਾ ਮਾਲ ਹੜੱਪਿਆ।ਇਹ ਅਮੀਰ ਸੀ "ਚੰਦੂ," ਜੋ ਜ਼ੁਲਮ ਦੇ, ਸਾਰੇ ਹੱਦਾਂ-ਬੰਨੇ ਟੱਪਿਆ।

ਧੰਨ ਪੰਚਮ ਪਾਤਸ਼ਾਹ..............!

ਬਾਦਸ਼ਾਹ ਨੇ ਬੁਲਾ ਕੇ, ਗੁਰੂ ਸਾਹਿਬ ਨੂੰ ਚੰਦੂ ਸ਼ਾਹ, "ਨਵਾਬ ਲਾਹੌਰ" ਦੇ ਸਪੁਰਦ ਸੀ ਕੀਤਾ।ਸੇਵਾ ਕਰਨ ਦੇ ਬਹਾਨੇ ਘਰ ਲਿਜਾ ਕੇ,ਉਸ ਘੋਰ ਜ਼ੁਲਮ ਸੀ ਕੀਤਾ। ਮੋਹਸਿਨ ਫਾਨੀ ਦੀ, ਲਿਖਤ ਵੀ ਭਰਦੀ, ਇਸ ਗੱਲ ਦੀ ਗਵਾਹੀ, ਜੁਰਮਾਨੇ ਦੀ ਭਾਰੀ ਰਕਮ, ਗੁਰੂ ਸਾਹਿਬ ਕੋਲੋਂ ਨ੍ਹੀਂ ਸੀ ਗਈ ਤਾਰੀ।

ਧੰਨ ਪੰਚਮ ਪਾਤਸ਼ਾਹ................!

30 ਮਈ 1606 ਚ ਗੁਰੂ ਸਾਹਿਬ ਦੀ ਸ਼ਹਾਦਤ ਪਿੱਛੋਂ, ਨਵਾਬ ਹਿੰਦੂ ਚੰਦੂ ਭੱਜਣਾ ਸੀ ਚਾਹੁੰਦਾ।ਜਾਂ ਗੁਰੂ ਜੀ ਦੀ ਮੌਤ ਤੋਂ ਬਾਅਦ, ਸਾਰੀ ਜਾਮਨੀ ਰਕਮ ਬਾਦਸ਼ਾਹ ਕੋਲ ਜਮਾਂ ਕਰਾਉਂਦਾ।ਸਿੱਖਾਂ ਤੋਂ ਵੀ ਡਰ ਗਿਆ ਸੀ ਮੁੜ ਨਜ਼ਰੀਂ ਨ੍ਹੀਂ ਆਇਆ,ਕਾਲ ਉਸ ਦਾ ਵੀ, ਉਸਨੂੰ ਘੇਰ ਲਿਆਇਆ।

ਧੰਨ ਪੰਚਮ ਪਾਤਸ਼ਾਹ................



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ।ਫੋਨ ਨੰਬਰ : 9878469639**




# ਸ਼ਹੀਦੀ ਪੁਰਬ ’ਤੇ ਗੁਰੂ ਸਾਹਿਬ ਸੰਬੰਧੀ ਸਾਹਿਤ ਵੰਡਣਾ ਵੀ ਜ਼ਰੂਰੀ



ਛਬੀਲ ਅਰਬੀ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਹੈ ਪਉ, ਜਲ ਪੀਣ ਦਾ ਅਸਥਾਨ, ਖ਼ਾਸ ਕਰਕੇ ਉਹ ਪਉ, ਜੋ ਮੁਹੱਰਮ ਦੇ ਪਹਿਲੇ ਦਸ ਦਿਨਾਂ ਵਿੱਚ ਪਿਆਸਿਆਂ ਲਈ ਲਾਇਆ ਜਾਵੇ।

ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਹਿੰਦੂ-ਸਿੱਖਾਂ-ਮੁਸਲਮਾਨਾਂ ਵੱਲੋਂ ਸਾਂਝੇ ਤੌਰ ’ਤੇ ਹਰ ਸਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਹਰ ਸਾਲ ਮਈ-ਜੂਨ ਮਹੀਨੇ ’ਚ ਆਉਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ‘ਨਾਨਕਸ਼ਾਹੀ ਕੈਲੰਡਰ’ ਅਨੁਸਾਰ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ 419ਵਾਂ ਸ਼ਹੀਦੀ ਗੁਰਪੁਰਬ 30 ਮਈ ਨੂੰ ਸਮੁੱਚੇ ਸੰਸਾਰ ਭਰ ਵਿੱਚ ਮਨਾਇਆ ਜਾ ਰਿਹਾ ਹੈ। ਛਬੀਲ ਬਾਰੇ ਗੱਲ ਕਰਨ ਤੋਂ ਪਹਿਲਾਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਤੇ ਸੰਖੇਪ ਵਿੱਚ ਝਾਤ ਪਾਉਣਾ ਜ਼ਰੂਰੀ ਸਮਝਦਾ ਹਾਂ।

ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਮਾਤਾ ਭਾਨੀ ਜੀ ਦੀ ਕੁੱਖ ਤੋਂ ਪਿਤਾ ਸ਼੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਗੋਇੰਦਵਾਲ ਸਾਹਿਬ ਵਿਖੇ 15 ਅਪ੍ਰੈਲ 1563 ਈ: ਵੈਸਾਖ ਵਦੀ 7 ਸੰਮਤ 1620 ਬਿਕਰਮੀ ਨੂੰ ਹੋਇਆ। ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ ਸਨ। ਸ਼੍ਰੀ ਗੁਰੂ ਅਰਜਨ ਦੇਵ ਜੀ 1 ਸਤੰਬਰ 1581 ਈ: ਨੂੰ ਗੁਰਗੱਦੀ ’ਤੇ ਬਿਰ-ਾਜੇ। ਗੁਰੂ ਜੀ ਨੇ ਤਰਨਤਾਰਨ, ਕਰਤਾਰਪੁਰ ਸੋਢੀਆਂ, ਛੇਹਰਟਾ, ਸ਼੍ਰੀ ਗੋਬਿੰਦਪੁਰ ਬਿਆਸ ਕੰਢੇ ਪਵਿੱਤਰ ਨਗਰ ਵਸਾਏ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਸ਼੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦਾ ਨਿਰਮਾਣ, ਜਿਸ ਦੀ ਨੀਂਹ ਮੁਸਲਮਾਨ ਦਰਵੇਸ਼ ਸਾਈਂ ਮੀਆਂ ਮੀਰ ਤੋਂ ਰਖਵਾਈ। ਗੁਰੂ ਜੀ ਨੇ ਆਦਿ ਗ੍ਰੰਥ ਦਾ ਸੰਪਾਦਨ ਕੀਤਾ, ਜਿਸ ਵਿੱਚ 6 ਗੁਰੂ ਸਾਹਿਬਾਨ, 15 ਭਗਤ, 4 ਗੁਰਸਿੱਖ ਤੇ 11 ਭੱਟਾਂ ਸਮੇਤ 36 ਮਹਾਂਪੁਰਸ਼ਾਂ ਦੀ ਪਵਿੱਤਰ ਬਾਣੀ ਦਰਜ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿੱਚ 2218 ਅਨਮੋਲ ਸ਼ਬਦ ਰਚੇ, ਜੋ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹਨ। ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਮੁਗ਼ਲ ਸਮਰਾਟ ਜਹਾਂਗੀਰ ਦੇ ਹੁਕਮ ਤੇ ਗ੍ਰਿਫਤਾਰ ਕਰਕੇ ਲਾਹੌਰ ਵਿੱਚ ਅੰਤਾਂ ਦੇ ਤਸੀਹੇ ਦਿੱਤੇ ਗਏ। ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ’ਤੇ ਬਿਠਾਇਆ ਗਿਆ, ਸਰੀਰ ਤੇ ਤੱਤੀ ਰੇਤ ਪਾਈ ਗਈ। ਸਾਰਾ ਸਰੀਰ ਛਾਲਿਆਂ ਨਾਲ ਭਰ ਗਿਆ ਪਰ ਉਹਨਾਂ ਪ੍ਰਭੂ ਦਾ ਹੁਕਮ ਮੰਨ ਕੇ ਸਵੀਕਾਰ ਕਰ ਲਿਆ ਤੇ ਆਪਣੇ ਮੁੱਖ ਤੋਂ "ਤੇਰਾ ਕੀਆ ਮੀਠਾ ਲਾਗੈ॥" ਉਚਾਰਦੇ ਹੋਏ 30 ਮਈ 1606 ਈ: ਨੂੰ ਰਾਵੀ ਦਰਿਆ ਦੇ ਕਿਨਾਰੇ ਲਾਹੌਰ ਵਿਖੇ ਸ਼ਹੀਦੀ ਪਾ (ਜੋਤੀ-ਜੋਤਿ ਸਮਾ) ਗਏ।

ਸ਼ਹੀਦੀ ਗੁਰਪੁਰਬ ਮਨਾਉਣ ਤੋਂ ਕਈ ਦਿਨ ਪਹਿਲਾਂ (ਮਹੀਨਾ-ਡੇਢ ਮਹੀਨਾ) ਗੁਰਦੁਆਰਿਆਂ ਵਿੱਚ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਸ਼੍ਰੀ ਗੁਰੂ ਅਮਰਦਾਸ ਇਸਤਰੀ ਸਤਿਸੰਗ ਸਭਾ, ਗੁਰੂ ਅਰਜਨ ਸੇਵਾ ਸੁਸਾਇਟੀ, ਭਾਈ ਕਨੱਈਆ ਸੇਵਾ ਦਲ ਤੇ ਹੋਰ ਕਈ ਸੇਵਾ, ਸਭਾ ਸੁਸਾਇਟੀਆਂ ਦੇ ਬੀਬੀਆਂ ਦੇ ਜਥੇ ਵੱਲੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਬਾਣੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਕੀਰਤਨ ਹੁੰਦਾ ਹੈ ਤੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਜਾਂਦੀ ਹੈ। ਗੁਰਪੁਰਬ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਅਖੰਡ-ਪਾਠ ਆਰੰਭ ਕੀਤੇ ਜਾਂਦੇ ਹਨ ਪਰ ਉਸ ਪਾਠ ਨੂੰ ਸੁਣਨ ਲਈ ਸੇਵਾਦਾਰ ਦੀ ਜਾਂ ਸੰਗਤ ਦੀ ਵਾਰ-ਵਾਰ ਡਿਊਟੀ ਲਾਈ ਜਾਵੇ। ਪਾਠੀ, ਪਾਠ ਕਰ ਰਿਹਾ ਹੁੰਦਾ ਹੈ, ਉਸ ਪਾਠ ਨੂੰ ਸੁਣਨ ਲਈ ਨਾ ਕੋਈ ਸੇਵਾਦਾਰ ਹੈ ਨਾ ਸੰਗਤ। ਫਿਰ ਉਸ ਪਾਠ ਦਾ ਫਲ ਕਿਸ ਨੂੰ ਪ੍ਰਾਪਤ ਹੋਇਆ ਜਾਂ ਕਿਸ ਆਸ਼ੇ ਲਈ ਰੱਖਿਆ ਗਿਆ। ਅਖੰਡ-ਪਾਠ ਸਾਹਿਬ ਦਾ ਭੋਗ ਪਾਇਆ ਜਾਂਦਾ ਹੈ, ਉਪਰੰਤ ਵਿਸ਼ੇਸ਼ ਦੀਵਾਨ ਵਿੱਚ ਰਾਗੀ, ਢਾਡੀ, ਪ੍ਰਚਾਰਕ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ। ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ ਤੇ ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ। ਕਈ ਸੇਵਾ-ਭਾਵੀ ਸਭਾ-ਸੁਸਾਇਟੀਆਂ, ਸਮਾਜ ਸੇਵੀ ਸੰਸਥਾਵਾਂ, ਬੱਚੇ, ਨੌਜਵਾਨ ਗਲੀ-ਮੁਹੱਲੇ ਤੇ ਬਜ਼ਾਰਾਂ ਦੀਆਂ ਦੁਕਾਨਾਂ ਤੋਂ ਛਬੀਲ ਲਈ ਮਾਇਆ ਇਕੱਠੀ ਕਰਕੇ ਠੰਡੇ-ਮਿੱਠੇ ਜਲ ਛਕਾਉਣ ਦੀ ਸੇਵਾ ਕਰਦੇ ਹਨ। ਕਈ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਵੱਲੋਂ ਵੀ ਇਸ ਮੌਕੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ ਜਾਂਦੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਬੱਚੇ, ਨੌਜਵਾਨ, ਕਰਮਚਾਰੀ, ਛਬੀਲ ਲਈ ਮਾਇਆ ਇਕੱਠੀ ਕਰਦੇ ਹਨ ਤਾਂ ਇਹ ਹੀ ਕਹਿੰਦੇ ਹਨ ਕਿ ਆਪਣੀ ਸ਼ਰਧਾ ਅਨੁਸਾਰ ਛਬੀਲ ਦੀ ਸੇਵਾ ਵਿੱਚ ਹਿੱਸਾ ਪਾਉ, ਕੋਈ ਬੰਦਸ਼ ਨਹੀਂ ਹੈ। ਜਿਤਨੀ ਯਥਾ ਸ਼ਕਤ ਸ਼ਰਧਾ ਹੋਵੇ, ਸੇਵਾ ਵਿੱਚ ਹਿੱਸਾ ਪਾ ਸਕਦੇ ਹੋ, ਪਰ ਜੇਕਰ ਕੋਈ ਵਿਅਕਤੀ 11, 21, 31 ਰੁਪਏ ਜਾਂ 1 ਕਿੱਲੋ, 2 ਕਿੱਲੋ ਖੰਡ ਜਾਂ ਅੱਧਾ ਕਿੱਲੋ, ਇੱਕ ਕਿੱਲੋ ਦੁੱਧ ਦੇਣ ਦੀ ਸੇਵਾ ਕਰਦਾ ਹੈ ਤਾਂ ਉਹ ਪ੍ਰਵਾਨ ਨਹੀਂ ਕਰਦੇ। ਛਬੀਲ ਦੀ ਸੇਵਾ ਲਈ ਮਾਇਆ ਇਕੱਠੀ ਕਰਨ ਨੂੰ ਹੀ ਪਹਿਲ ਦਿੰਦੇ ਹਨ। 100, 151, 251, 500 ਜਾਂ 1100 ਤੋਂ ਘੱਟ ਰੁਪਏ ਦੀ ਪਰਚੀ ਹੀ ਨਹੀਂ ਕੱਟਦੇ ਜਾਂ ਫਿਰ 5 ਕਿੱਲੋ, 10 ਕਿੱਲੋ ਖੰਡ ਜਾਂ 5 ਕਿੱਲੋ, 10 ਕਿੱਲੋ ਦੁੱਧ ਦੀ ਸੇਵਾ, ਜਾਂ ਫਿਰ ਰੂਹ ਅਫਜ਼ਾ ਦੀਆਂ ਬੋਤਲਾਂ ਦੀ ਸੇਵਾ ਲੈਂਦੇ ਹਨ। ਜਿੰਨੀ ਵੀ ਕਿਸੇ ਦੀ ਸ਼ਰਧਾ ਹੋਵੇ, ਉਹ ਲੈ ਲੈਣੀ ਚਾਹੀਦੀ ਹੈ, ਕਿਸੇ ਨਾਲ ਜਬਰਦਸਤੀ ਨਹੀਂ ਕਰਨੀ ਚਾਹੀਦੀ। ਛਬੀਲ, ਲੰਗਰ ਲਈ ਪਰਚੀ ਵਿਅਕਤੀ ਤੋਂ ਪੁੱਛ ਕੇ ਕੱਟਣੀ ਚਾਹੀਦੀ ਹੈ। ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਹਰ ਇਤਿਹਾਸਕ ਗੁਰਦੁਆਰੇ ਤੇ ਸਭਾ-ਸੁਸਾਇਟੀਆਂ ਵੱਲੋਂ, ਸਿੰਘ ਸਭਾ ਗੁਰਦੁਆਰਿਆਂ, ਮੁਹੱਲਿਆਂ, ਬਜ਼ਾਰਾਂ, ਬੱਸ-ਅੱਡਿਆਂ, ਰੇਲਵੇ ਸਟੇਸ਼ਨਾਂ ਤੇ ਸਮੂਹ ਸੰਗਤਾਂ ਵੱਲੋਂ ਲਗਾਈਆਂ ਜਾਂਦੀਆਂ ਹਨ। ਇਹ ਛਬੀਲਾਂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਤੇ ਜਾਂ ਗੁਰਪੁਰਬ ਤੋਂ ਦੋ-ਚਾਰ ਦਿਨ ਅੱਗੇ-ਪਿੱਛੇ ਹੀ ਕਿਉਂ ਲਾਈਆਂ ਜਾਂਦੀਆਂ ਹਨ ? ਕੀ ਇਸ ਦਿਨ ਗਰਮੀ ਜ਼ਿਆਦਾ ਹੁੰਦੀ ਹੈ। ਅੱਗੇ-ਪਿੱਛੇ ਛਬੀਲਾਂ ਕਿਉਂ ਨਹੀਂ ਲਗਾਈਆਂ ਜਾਂਦੀਆਂ। ਮਾਰਚ ਮਹੀਨੇ ਤੋਂ ਲੈ ਕੇ ਜੁਲਾਈ-ਅਗਸਤ ਮਹੀਨੇ ਤੱਕ ਬਹੁਤ ਗਰਮੀ ਹੁੰਦੀ ਹੈ, ਪਰ ਗੁਰਪੁਰਬ ਤੋਂ ਬਾਅਦ ਤਾਂ ਸਿਰਫ ਸਾਦੇ ਠੰਡੇ ਪਾਣੀ ਦੀ ਹੀ ਛਬੀਲ ਲਗਾਈ ਜਾਂਦੀ ਹੈ। ਸ਼ਹੀਦੀ ਗੁਰਪੁਰਬ ਤੇ ਰੂਹ ਅਫਜ਼ਾ ਦਾ ਸ਼ਰਬਤ, ਕੱਚੀ ਲੱਸੀ, ਰੂਹ ਅਫਜ਼ਾ ਦੁੱਧ ’ਚ ਮਿਲਾ ਕੇ ਪਿਲਾਇਆ ਜਾਂਦਾ ਹੈ। ਕੜੀ-ਪਕੌੜੇ-ਚਾਵਲ, ਪੂਰੀ-ਛੋਲੇ, ਪ੍ਰਸ਼ਾਦ, ਛੋਲੇ-ਕੁਲਚੇ ਤੇ ਹੋਰ ਕਈ ਤਰ੍ਹਾਂ ਦੀਆਂ ਮਠਿਆਈਆਂ ਦੇ ਲੰਗਰ ਵੀ ਲਾਏ ਜਾਂਦੇ ਹਨ।

1986 ਵਿੱਚ ਕੇਵਲ ਦਿੱਲੀ ਸ਼ਹਿਰ ਵਿੱਚ ਹੀ 1300 ਤੋਂ ਵੱਧ ਥਾਵਾਂ ਤੇ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਲਾਈਆਂ ਗਈਆਂ ਜਿਨ੍ਹਾਂ ਵਿੱਚ ਦੁੱਧ, ਖੰਡ, ਬਰਫ਼, ਸ਼ਾਮਿਆਨੇ ਦਾ ਖ਼ਰਚ 25 ਲੱਖ ਰੁਪਏ ਤੋਂ ਵੱਧ ਹੋਇਆ ਸੀ। ਇਹ ਖ਼ਰਚ ਤਾਂ ਕੇਵਲ ਇੱਕ ਸ਼ਹਿਰ ਦਾ ਹੈ। ਹਰ ਛੋਟੇ-ਵੱਡੇ ਸ਼ਹਿਰ ਵਿੱਚ ਹਰ ਸਾਲ ਇਸ ਤਰ੍ਹਾਂ ਲੱਖਾਂ-ਕਰੋੜਾਂ ਰੁਪਏ ਖ਼ਰਚ ਹੁੰਦੇ ਹਨ।

ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਹੋਇਆਂ 418 ਸਾਲ ਹੋ ਚੁੱਕੇ ਹਨ ਪਰ ਸਾਡੇ ਵਿੱਚੋਂ ਅੱਧ ਨਾਲੋਂ ਵੱਧ ਸਿੱਖ ਅਖਵਾਉਣ ਵਾਲਿਆਂ ਨੂੰ ਗੁਰੂ ਮਹਾਰਾਜ ਜੀ ਦੇ ਉਪਕਾਰਾਂ ਅਤੇ ਸ਼ਹੀਦੀ ਦੇ ਕਾਰਨਾਂ ਦਾ ਠੀਕ ਪਤਾ ਨਹੀਂ ਜਦਕਿ ਅਸੀਂ ਹਰ ਸਾਲ ਗੁਰਪੁਰਬ ਮਨਾਉਂਦੇ, ਲੰਗਰ ਛਕਾਉਂਦੇ ਹਾਂ, ਛਬੀਲ ਲਾਉਂਦੇ ਹਾਂ। ਚਾਹੀਦਾ ਤਾਂ ਇਹ ਹੈ ਕਿ ਹਰ ਸਾਲ ਠੰਡੇ-ਮਿੱਠੇ ਜਲ ਦੀ ਛਬੀਲ ਉੱਤੇ ਖ਼ਰਚ ਕੀਤੇ ਜਾਣ ਵਾਲੇ ਲੱਖਾਂ, ਕਰੋੜਾਂ ਰੁਪਇਆਂ ਵਿੱਚੋਂ ਜੇ ਅੱਧੇ ਪੈਸਿਆਂ ਦਾ ਧਾਰਮਿਕ ਲਿਟਰੇਚਰ ਜਾਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਦਾ ਕੋਈ ਇੱਕ ਉਪਦੇਸ਼ ਜਾਂ ਉਹਨਾਂ ਦੀ ਸ਼ਹੀਦੀ ਬਾਰੇ ਵਾਰਤਾ ਪੰਜਾਬੀ, ਹਿੰਦੀ, ਅੰਗਰੇਜ਼ੀ ਆਦਿ ਬੋਲੀ ਵਿੱਚ ਛਾਪ ਕੇ ਵੰਡਿਆ ਜਾਵੇ। ਪਰ ਇਸ ਤਰ੍ਹਾਂ ਕੋਈ ਨਹੀਂ ਕਰਦਾ। ਛਬੀਲ ਲਾਉਣ ਦਾ ਆਰੰਭ ਕਿਵੇਂ, ਕਦੋਂ ਅਤੇ ਕਿਸ ਆਸ਼ੇ ਨੂੰ ਮੁੱਖ ਰੱਖ ਕੇ ਹੋਇਆ, ਇਸ ਬਾਰੇ ਇਤਿਹਾਸ ਵਿੱਚ ਕਿਤੇ ਜ਼ਿਕਰ ਨਹੀਂ ਮਿਲਦਾ। ਡਾ: ਮਹੀਪ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ’ਤੇ ਠੰਡੀ-ਮਿੱਠੀ ਲੱਸੀ ਵਰਤਾਉਣ ਦੀ ਰਵਾਇਤ ਕਦੋਂ ਸ਼ੁਰੂ ਹੋਈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਜਿਨ੍ਹਾਂ ਨੇ ਵੀ ਇਹ ਰਵਾਇਤ ਸ਼ੁਰੂ ਕੀਤੀ, ਉਹਨਾਂ ਅੰਦਰ ‘ਤੇਰਾ ਕੀਆ ਮੀਠਾ ਲਾਗੈ॥’ ਦਾ ਭਾਵ ਜ਼ਰੂਰ ਅੰਦਰ ਤੱਕ ਵਸਿਆ ਹੋਵੇਗਾ। ਕਿੰਨੇ ਵੀ ਕਸ਼ਟ ਹੋਣ, ਕਿੰਨੇ ਵੀ ਜ਼ੁਲਮ ਹੋਣ, ਕਿੰਨੇ ਵੀ ਤਸੀਹੇ ਹੋਣ, ਸਾਰਿਆਂ ਨੂੰ ਅਕਾਲ ਪੁਰਖ ਦਾ ਭਾਣਾ ਮੰਨ ਕੇ ਖਿੜੇ ਮੱਥੇ, ਹੱਸਦੇ-ਹੱਸਦੇ ਸਵੀਕਾਰ ਕਰ ਲੈਣਾ ਸਿੱਖੀ ਦੀ ਆਪਣੀ ਪਰੰਪਰਾ ਹੈ।

ਅੱਜ-ਕੱਲ੍ਹ ਤਾਂ ਠੰਡੇ-ਮਿੱਠੇ ਜਲ ਦੀ ਛਬੀਲ ਨਾਲ ਸ਼ਹਿਰਾਂ ’ਚ ਕਿਧਰੇ ਚਾਹ, ਕਿਧਰੇ ਰੰਗ-ਬਰੰਗੇ ਹਲਵੇ, ਆਈਸਕ੍ਰੀਮ, ਕੜੀ-ਚਾਵਲ, ਰੂਹ-ਅਫ਼ਜ਼ਾ ਦੇ ਸ਼ਰਬਤ ਅਤੇ ਕਈ ਹੋਰ ਪਦਾਰਥ ਲੱਖਾਂ ਰੁਪਏ ਖ਼ਰਚ ਕਰਕੇ ਨਗਰ-ਕੀਰਤਨ ਦੇ ਰਸਤੇ ਅਤੇ ਬਜ਼ਾਰਾਂ ਵਿੱਚ ਵੰਡੇ-ਵੰਡਾਏ ਜਾਂਦੇ ਹਨ ਅਤੇ ਖੁਆਏ-ਪਿਲਾਏ ਜਾਂਦੇ ਹਨ। ਇਸ ਤਰ੍ਹਾਂ ਅਸੀਂ ਰਾਹ ਜਾਂਦਿਆਂ ਨੂੰ ਖੁਆਉਣਾ-ਪਿਲਾਉਣਾ, ਲੱਸੀਆਂ, ਸ਼ਰਬਤ ਪਿਲਾਉਣ ਤੇ ਇਤਨਾ ਖ਼ਰਚ ਕਰਦੇ ਹਾਂ। ਸਾਨੂੰ ਦੇਖ-ਦੇਖ ਕੇ ਭੇਡ-ਚਾਲ ਦੀ ਤਰ੍ਹਾਂ ਪਿੰਡਾਂ ਵਿੱਚ ਵੀ ਇੱਕ ਸੜਕ ’ਤੇ ਕਈ-ਕਈ ਛਬੀਲਾਂ ਲੱਗੀਆਂ ਹੁੰਦੀਆਂ ਹਨ ਅਤੇ ਉਹ ਬੱਸਾਂ, ਟਰੱਕਾਂ, ਟਰਾਲੀਆਂ, ਸਕੂਟਰਾਂ, ਕਾਰਾਂ, ਸਾਈਕਲਾਂ ਵਾਲਿਆਂ ਨੂੰ ਰੋਕ-ਰੋਕ ਕੇ ਜ਼ਬਰਦਸਤੀ ਸ਼ਰਬਤ, ਲੱਸੀ ਛਕਾਉਂਦੇ ਹਨ।

ਇਹਨਾਂ ਸਤਰਾਂ ਦਾ ਲੇਖਕ ਇਹ ਨਹੀਂ ਕਹਿੰਦਾ ਕਿ ਛਬੀਲਾਂ ਨਹੀਂ ਲੱਗਣੀਆਂ ਚਾਹੀਦੀਆਂ ਜਾਂ ਕਿਉਂ ਲਗਾਈਆਂ ਜਾਂਦੀਆਂ ਹਨ। ਪਰ ਇਸ ਉੱਤੇ ਸਾਰਾ ਖ਼ਰਚ ਕਰਨ ਦੀ ਬਜਾਏ ਕੁਝ ਲਿਟਰੇਚਰ ਛਪਵਾ ਕੇ ਵੀ ਇਸ ਦਿਨ ਸੰਗਤ ਵਿੱਚ ਵੰਡਿਆ ਜਾਵੇ ਤੇ ਲੋੜਵੰਦਾਂ ਦੀ ਮਦਦ ਕੀਤੀ ਜਾਵੇ ਤਾਂ ਕਿੰਨੀ ਚੰਗੀ ਗੱਲ ਹੈ ? ਛਬੀਲ ਵਿੱਚ ਗਲਾਸਾਂ ਨੂੰ ਲਾਲ ਦਵਾਈ ਨਾਲ ਹਰ ਵਾਰ ਜ਼ਰੂਰ ਸਾਫ਼ ਕਰਕੇ ਫਿਰ ਸਾਦੇ ਪਾਣੀ ਨਾਲ ਜ਼ਰੂਰ ਧੋਣੇ ਚਾਹੀਦੇ ਹਨ। ਛਬੀਲ ਤਿਆਰ ਕਰਨ ਅਤੇ ਕਰਵਾਉਣ ਸਮੇਂ ਨੌਜਵਾਨਾਂ, ਭੈਣਾਂ-ਭਰਾਵਾਂ ਨੂੰ ਸਫ਼ਾਈ, ਸਵੱਛਤਾ ਤੇ ਸੁੱਚਮਤਾ ਦਾ ਖ਼ਾਸ ਖ਼ਿਆਲ ਰੱਖਣਾ ਚਾਹੀਦਾ ਹੈ। ਛਬੀਲ ਦੇ ਨਾਲ-ਨਾਲ ਗੁਰਮਤਿ ਲਿਟਰੇਚਰ ਦੇ ਛੋਟੇ-ਛੋਟੇ ਟ੍ਰੈਕਟ ਵੀ ਛਪਵਾ ਕੇ ਵੰਡਣੇ ਚਾਹੀਦੇ ਹਨ ਤਾਂ ਕਿ ਗੁਰੂ ਜੀ ਦੇ ਉਪਦੇਸ਼ਾਂ ਬਾਰੇ ਪਤਾ ਲੱਗ ਸਕੇ।

**ਕਰਨੈਲ ਸਿੰਘ**
**ਐੱਮ.ਏ.ਲੁਧਿਆਣਾ**
**#1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗਲੀ ਨੰ:1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ ।**
**Emial-**
**KarnialiSnghma@gmial.com**

# ਗੱਲ ਨੋਇਡਾ ਪ੍ਰਵਾਸ ਦੀ



ਰਮੇਸ਼ ਸੇਠੀ ਬਾਦਲ
9876627233

ਓਦੋਂ ਅਸੀਂ ਨੋਇਡਾ ਦੇ ਛਿਪੰਜਾ ਸੈਕਟਰ ਦੀ ਤਹਿ ਨੰਬਰ ਕੋਠੀ ਦੇ ਗਰਾਊਂਡ ਫਲੋਰ ਚ ਰਹਿੰਦੇ ਸੀ। ਅਸੀਂ ਕੋਈਂ ਅੱਠ ਨੋ ਮਹੀਨੇ ਉਥੇ ਰਹੇ ਫਿਰ ਦੇਸ਼ ਵਿੱਚ ਕਰੋਨਾ ਨੇ ਦਸਤਕ ਦਿੱਤੀ ਤੇ ਅਸੀਂ ਵਾਪਿਸ ਡੱਬਵਾਲੀ ਪਰਤ ਆਏ। ਮੇਰੀ ਵੱਡੀ ਪੋਤੀ ਸੁਖਮਨੀ ਛੇ ਕੁ ਮਹੀਨਿਆਂ ਦੀ ਹੀ ਸੀ ਤੇ ਬੇਟੀ ਗਗਨ ਨੇ ਡਿਊਟੀ ਜਾਣਾ ਹੁੰਦਾ ਸੀ। ਇਹ ਕੋਠੀ ਮੇਨਰੋਡ ਦੇ ਕਾਰਨਰ ਤੇ ਬਣੀ ਹੋਣ ਕਰਕੇ ਸਿਕਊਰਿਟੀ ਪੋਸਟ ਸਾਡੇ ਗੇਟ ਦੇ ਜਵਾਂ ਮੂਹਰੇ ਸੀ ਜਿੱਥੇ ਅਸਮਾਨੀ ਤੇ ਨੀਲੇ ਰੰਗ ਦੀ ਵਰਦੀ ਵਾਲੇ ਦੋ ਜਵਾਨ ਹਮੇਸ਼ਾ ਤਾਇਨਾਤ ਰਹਿੰਦੇ ਸਨ। ਜਦੋਂ ਵੀ ਅਸੀਂ ਘਰੋਂ ਬਾਹਰ ਅੰਦਰ ਜਾਂਦੇ ਤਾਂ ਉਹ ਸਾਨੂੰ ਸਲੂਟ ਮਾਰਦੇ। ਬੇਟੀ ਗਗਨ ਹਮੇਸ਼ਾ ਉਹਨਾਂ ਨੂੰ ਐਂਕਲ ਆਖਦੀ ਤੇ ਉਹ ਵੀ ਬੇਟੀ ਹੀ ਕਹਿੰਦੇ। ਉਹਨਾਂ ਨਾਲ ਸਾਡੀ ਅਪਣੱਤ ਜਿਹੀ ਸੀ ਤੇ ਉਹ ਵੀ ਸਾਨੂੰ ਗੈਰ ਨਾ ਲੱਗਦੇ। ਪੋਹ ਮਾਘ ਦੀਆਂ ਠੰਡੀਆਂ ਰਾਤਾਂ ਨੂੰ ਵੀ ਉਹ ਜਾਗਕੇ ਡਿਊਟੀ ਦਿੰਦੇ। ਕਈ ਵਾਰੀ ਰਾਤ ਨੂੰ ਬੇਟੀ ਨੂੰ ਵੀ ਆਨਲਾਈਨ ਕੰਮ ਕਰਦੀ ਨੂੰ ਗਿਆਰਾਂ ਬਾਰਾਂ ਵੱਜ ਜਾਂਦੇ। ਉਹ ਸੌਣ ਤੋਂ ਪਹਿਲਾਂ ਉਹਨਾਂ ਨੂੰ ਗਰਮ ਗਰਮ ਚਾਹ ਬਣਾਕੇ ਜਰੂਰ ਪਿਆਉਂਦੀ ਤੇ ਅਮੂਮਨ ਉਹ ਨਾਲ ਬਿਸਕੁਟ ਜਾਂ ਰਸ ਵੀ ਦੇ ਦਿੰਦੀ। ਹਰ ਤਿੱਥ ਤਿਉਹਾਰ ਤੇ ਮਿਠਾਈ ਜਾਂ ਫਰੂਟ ਦੇਣਾ ਨਾ ਭੁੱਲਦੀ। ਇਹ ਵੇਖਕੇ ਮੇਰੀ ਸਰੀਕ ਏ ਹਯਾਤ ਦਾ ਸੇਰ ਖੂਨ ਵੱਧ ਜਾਂਦਾ। ਕਿਉਂਕਿ ਮੇਰੀ ਮਾਂ ਵਾਂਗੂ ਮੇਰੀ ਬੇਗਮ ਵੀ ਆਪਣੀਆਂ ਕੰਮ ਵਾਲੀਆਂ ਤੇ ਸਦਾ ਮਿਹਰਬਾਨ ਰਹਿੰਦੀ ਸੀ। ਉਹਨਾਂ ਦੇ ਨਾਲ ਹੀ ਚਾਹ ਪੀਣੀ ਅਤੇ ਜੋ ਘਰੇ ਬਣਦਾ ਉਹਨਾਂ ਨੂੰ ਬਰਾਬਰ ਦਾ ਹਿੱਸਾ ਦੇਣਾ। ਗਰਮੀ ਸਰਦੀ ਉਹਨਾਂ ਦੇ ਜੋੜੇ ਜੁੱਤੀਆਂ ਅਤੇ ਗਰਮ ਸਰਦ ਕੱਪੜਿਆਂ ਦਾ ਖਿਆਲ ਰੱਖਣਾ ਇਸ ਸੱਸ ਨੂੰਹ ਦੀ ਆਦਤ ਵਿੱਚ ਸ਼ੁਮਾਰ ਸੀ। ਅੱਗੋਂ ਬੇਟੀ ਸਵਾ ਸੇਰ ਨਿਕਲੀ। ਉਸਨੇ ਨੋਇਡਾ ਵਿੱਚ ਵੀ ਆਪਣੀ ਇਸ ਸੇਵਾ ਸੰਭਾਲ ਦਾ ਪ੍ਰਚਮ ਲਹਿਰਾਂ ਦਿੱਤਾ।

ਹੁਣ ਜਦੋਂ ਅਸੀਂ ਸ਼ੀਸ਼ ਮਹਿਲ ਕਲੋਨੀ ਵਿੱਚ ਰਹਿੰਦੇ ਕਦੇ ਕਦੇ ਇਹੁਨਾਂ ਡਿਊਟੀ ਦੇ ਰਹੇ ਗਾਰਡਾਂ ਨੂੰ ਕੇਲੇ, ਕਚੋਰੀ, ਸਮੋਸੇ ਜਾਂ ਕੁਝ ਹੋਰ ਖਾਣ ਪੀਣ ਨੂੰ ਦਿੰਦੇ ਹਾਂ ਤਾਂ ਸਾਨੂੰ ਇੰਜ ਲੱਗਦਾ ਹੈ ਜਿਵੇਂ ਅਸੀਂ ਬੱਚਿਆਂ ਦੇ ਪਾਏ ਪੂਰਨਿਆਂ ਤੇ ਚਲਦੇ ਹੋਈਏ। ਮਾਂ ਦੀ ਯਾਦ ਤਾਂ ਆਉਂਦੀ ਹੀ ਹੈ ਤੇ ਪ੍ਰਦੇਸ਼ ਬੈਠੀ ਬੇਟੀ ਦਾ ਚੇਹਰਾ ਵੀ ਅੱਖਾਂ ਮੂਹਰੇ ਆਉਂਦਾ ਹੈ। ਜਿਵੇਂ ਕਹਿੰਦੀ ਹੋਵੇ "ਵੈੱਲ ਡਨ ਪਾਪਾ।"

# ਢਿੱਡ ਦੀਆਂ ਜਾਨਣਾ......



ਫ਼ਲੇਲ ਸਿੰਘ ਸਿੱਧੂ

ਬਜ਼ੁਰਗ ਅਕਸਰ ਕਹਿੰਦੇ ਸਨ,"ਮੈਂ ਤੇਰੇ ਢਿੱਡ ਦੀਆਂ ਜਾਣਦਾ ਹਾਂ।" ਕੰਮ ਸੌਖਾ ਹੋਣਾ ਐ ਜੋ ਐਨੀ ਦ੍ਰਿੜਤਾ ਨਾਲ ਕਹਿੰਦੇ ਸਨ। ਬਹੁਤ ਖੌਝਲੇ।ਇਹ ਕੀ ਗੱਲ ਹੋਈ।ਢਿੱਡ 'ਚ ਗੱਲ ਨਾ ਪਚਣ ਵਾਲੀ ਕਹਾਵਤ ਤਾਂ ਸੁਣੀ ਸੀ।ਕਿਸੇ ਦੇ ਢਿੱਡ 'ਚ ਕੀ ਐ ? ਉਸ ਨੂੰ ਜਾਨਣਾ , ਭਲਾ !! ਇਹ ਕਿਹੜਾ ਵਿਗਿਆਨ ਹੋਇਆ? ਢਿੱਡ ਤਾਂ ਉਂਝ ਵੀ ਕੁੜਤੇ ਹੇਠ ਲੁਕਿਆ ਹੁੰਦਾ ਹੈ।ਫੇਰ ਵੀ ਕਿਸੇ ਦੇ ਢਿੱਡ ਦੀਆਂ ਪੜ੍ਹਨੀਆਂ ਖਾਲ਼ਾ ਜੀ ਦਾ ਵਾੜਾ ਨਹੀਂ।ਜੇ ਕੋਈ ਕਿਸੇ ਭਰੋਸੇ ਵਾਲੇ ਕੋਲ ਢਿੱਡ ਦਾ ਪਰਦਾ ਚੱਕ ਦੇਵੇ ਫੇਰ ਤਾਂ ਢਿੱਡ ਦੀਆਂ ਗੱਲਾਂ ਦਾ ਕੁੱਝ ਅੰਦਾਜਾ ਹੋ ਸਕਦਾ ਹੈ।ਕੋਈ ਸੰਕੇਤ?ਕੋਈ ਪੀੜ?ਦਰਦ,ਖੁਸ਼ੀ,ਗਮੀ ਦਾ ਅਹਿਸਾਸ ਤਾਂ ਬੰਦੇ ਦੇ ਚਿਹਰੇ ਤੇ ਆਉਂਦਾ ਤਾਂ ਸੁਣਿਆ ਹੈ ਜੋ ਲੁਕਾਇਆ ਵੀ ਨਹੀਂ ਲੁਕਦਾ। ਕਿਸੇ ਦੇ ਕਰਮ ਤੋਂ ਵੀ ਥੋੜ੍ਹਾ-ਬਹੁਤਾ ਜਾਣ ਸਕਦੇ ਆ।ਪਰ ਵਿੱਚ ਢਿੱਡ ਕਿੱਥੋਂ ਆ ਗਿਆ।ਚੱਲੋ ਭਾਈ ,ਇਹ ਉਹਨਾਂ ਦਾ ਤਜ਼ਰਬਾ ਜਾਂ ਵਿਗਿਆਨ ਸੀ।ਉਹਨਾਂ ਦੀ ਸੂਝ-ਬੂਝ ਸੀ।ਉਹਨਾਂ ਦੀ ਸਿਆਣਪ ਸੀ।ਜਿਹੜੇ ਬੰਦੇ ਤਾਰੇ ਦੇਖ ਕੇ ਸਮਾਂ,ਵਕਤ,ਘੜੀ, ਪ.ਲ,ਚਾਲ-ਢਾਲ,ਦਿਸ਼ਾ,ਗਤੀ, ਗਰਦਸ਼ ਜਾਣ, ਸਮਝ ਸਕਦੇ ਸਨ।ਐਨੀ ਦੂਰ ਰਹਿੰਦੇ ਤਾਰੇ ਜਿੰਨ੍ਹਾਂ ਤੋਂ ਬਚ ਨਹੀਂ ਸਕੇ ਫੇਰ ਬੰਦੇ ਦੇ ਢਿੱਡ ਦੀ ਕੀ ਮੰਜਾਲ ਐ? ਸਲਾਮ ਹੈ ਤੁਹਾਨੂੰ ਬਾਬਿਓ!! ਪਰ ਅੱਜ-ਕੱਲ੍ਹ ਤਾਂ ਇਹ ਕੰਮ ਬਹੁਤ ਹੀ ਗੁੰਝਲਦਾਰ ਹੋ ਗਿਆ।ਤੁਸੀਂ ਤਾਂ ਇੱਕਲੇ ਢਿੱਡ ਦੀਆਂ ਜਾਣਦੇ ਸੀ।ਪਰ ਅੱਜ ਕੱਲ੍ਹ ਬੰਦੇ ਦੇ ਢਿੱਡ ਦੇ ਨਾਲ-ਨਾਲ ਦਿਲ,ਦਿਮਾਗ ,ਜ਼ੁਬਾਨ ਸਭ ਨੂੰ ਇੱਕ ਨਜ਼ਰ ਦੇਖਣਾ ਪੈਂਦਾ ਹੈ।ਜ਼ੁਬਾਨੋ ਕੁੱਝ ਹੋਰ ਉਚਰਦੇ ਹਨ।ਦਿਲ-ਦਿਮਾਗ 'ਚ ਵੱਖਰਾ ਕੁੱਝ ਹੁੰਦਾ ਹੈ।ਮੂੰਹ ਤੇ ਪਾਇਆ ਮਖੌਟਾ ਚਿਹਰੇ ਦੇ ਹਾਵਭਾਵ ਸਮੇਟ ਲੈਂਦਾ ਹੈ।ਮਿੱਠੀ ਜ਼ੁਬਾਨ ਅੰਦਰਲਾਈ ਈਰਖਾ,ਸਾੜੇ ਨੂੰ ਬੁੱਕਲ ਚ ਲਕੋ ਲੈਂਦੀ ਹੈ।ਮਨੋਵਿਗਿਆਨ ਵੀ ਆਖਦੈ ਕਿ ਬੰਦਾ ਗੁੰਝਲਦਾਰ ਜੀਵ ਹੈ।ਇਹ ਗੱਲ ਤਾਂ ਸੁਣੀ ਐ," ਲੋਕਾਂ ਦਾ ਨਾ ਦੁੱਧ ਵਿਕਦਾ,ਤੇਰਾ ਵਿਕਦਾ ਧੰਨ ਕੁਰੇ ਪਾਣੀ।" ਐਵੇਂ ਤਾਂ ਨੀ ਧੰਨ ਕੁਰ ਦਾ ਪਾਣੀ ਵਿਕਦਾ।ਉਸ ਦੇ ਢਿੱਡ, ਦਿਲ,ਦਿਮਾਗ ਚ ਭਾਵੇਂ ਕੁੱਝ ਵੀ ਹੋਵੇ ਪਰ ਜ਼ੁਬਾਨ ਦੀ ਮਿਠਾਸ ਆਪਣਾ ਮਕਸਦ ਹੱਲ ਕਰ ਜਾਂਦੀ ਹੈ।ਸੌ ਹੱਥ ਰੱਥ ਰੱਸਾ,ਸਿਰੇ ਤੇ ਗੰਢ। ਅੱਜ-ਕੱਲ੍ਹ ਧੰਨ ਕੁਰ ਸਭ ਦਾ ਰੋਲ ਮਾਡਲ ਬਣੀ ਹੋਈ ਹੈ।ਸਮਝੇ!! ਘੁੰਢ, ਮਖੌਟਿਆਂ 'ਚ ਬਦਲ ਗਏ ।ਐਨੀ ਕੁ ਗੱਲ ਐ।ਬੱਸ ਰੂਪ ਹੀ ਬਦਲਿਆ ਹੈ।ਭਾਵੇਂ ਘੁੰਢ ਹੋਵੇ ਜਾਂ ਮਖੌਟਾ ਇੱਕ ਬਰਾਬਰ। ਪਹਿਲਾਂ ਸੋਚਦੇ ਸੀ ਆ ਰਾਜਨੀਤਕ ਲੋਕਾਂ ਨੂੰ ਸਮਝਣਾ ਖਾਲ਼ਾ ਜੀ ਦਾ ਵਾੜਾ ਨਹੀਂ।ਕਈ ਮੂੰਹ ਫੱਟ ਨੇਤਾਵਾਂ ਦੀ ਗੱਲ ਤਾਂ ਸਮਝ ਲੱਗ ਜਾਂਦੀ ਹੈ।ਪਿਛਲੇ ਦਿਨਾਂ 'ਚ ਤੁਹਾਨੂੰ ਯਾਦ ਹੀ ਹੋਣਾ ਐ।ਪਰ ਢਿੱਡ ਦੇ ਖੋਟੇ,ਦਿਲ ਦੇ ਕਾਲੇ,ਜੀਭ ਦੇ ਮਿੱਠੇ ਬੰਦਿਆਂ ਨੂੰ ਸਮਝਣਾ ਤੋਬਾ-ਤੋਬਾ ਮੇਰੇ ਭਾਈ।

ਬਜ਼ੁਰਗੋ ਤੁਹਾਡਾ ਵਕਤ ਤੁਹਾਡੇ ਨਾਲ ਸੀ।ਪਰ ਅੱਜ ਬੰਦੇ ਨੂੰ ਸਮਝਣਾ ਟੇਢੀ ਖੀਰ ਹੈ ਭਾਈ।

# ਦੁੱਖ ਦਾ ਪ੍ਰਗਟਾਵਾ




**ਨਿਹਾਲ ਸਿੰਘ ਵਾਲਾ ( ਰਮੇਸ਼ਵਰ ਸਿੰਘ)**

ਪੰਜਾਬੀ ਲਿਖਾਰੀ ਸਭਾ ਨਿਹਾਲ ਸਿੰਘ ਵਾਲਾ ਦੀ ਮੀਟਿੰਗ ਸਭਾ ਦੇ ਪ੍ਰਧਾਨ ਅਮਰਜੀਤ ਸਿੰਘ ਫ਼ੌਜੀ ਦੀਨਾ ਸਾਹਿਬ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪਿਛਲੇ ਦਿਨੀਂ ਉੱਘੀ ਲੋਕ ਗਾਇਕਾ ਮੋਹਣੀ ਰਸੀਲਾ ਜੀ ਦੀ ਹੋਈ ਬੇਵਕਤੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਇਸ ਸਮੇਂ ਬੋਲਦਿਆਂ ਉੱਘੇ ਗੀਤਕਾਰ ਜਸਵੰਤ ਬੋਪ-ਰਾਏ ਸਾਹਿਬ ਜੀ ਨੇ ਦੱਸਿਆ ਕਿ ਰਸ਼ਪਾਲ ਰਸੀਲਾ ਤੇ ਮੋਹਣੀ ਰਸੀਲਾ ਜੀ ਦੀ ਗਾਇਕ ਜੋੜੀ ਨੇ ਹਮੇਸ਼ਾ ਵਧੀਆ ਤੇ ਸਮਾਜ ਨੂੰ ਸੇਧ ਦੇਣ ਵਾਲੇ ਗੀਤ ਗਾਏ ਤੇ ਚੰਗਾ ਸਮਾਜ ਸਿਰਜਣ ਲਈ ਆਪਣੇ ਗੀਤਾਂ ਰਾਹੀਂ ਵੱਡਾ ਯੋਗਦਾਨ ਪਾਇਆ । ਉਪਰੰਤ ਉੱਘੇ ਗੀਤਕਾਰ ਗੀਤਾ ਦਿਆਲਪੁਰਾ ਜੀ ਨੇ ਉਨ੍ਹਾਂ ਵਲੋਂ ਗਾਇਕੀ ਦੇ ਖੇਤਰ ਵਿੱਚ ਪਾਏ ਵੱਡੇ ਯੋਗਦਾਨ ਬਾਰੇ ਚਾਨਣਾ ਪਾਇਆ। ਸਭਾ ਦੀ ਜਨਰਲ ਸਕੱਤਰ ਬੀਬੀ ਅਮਨਦੀਪ ਕੌਰ ਹਾਕਮ ਸਿੰਘ ਵਾਲਾ ਨੇ ਮੋਹਣੀ ਰਸੀਲਾ ਜੀ ਦੇ ਅਕਾਲ ਚਲਾਣੇ ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਮਹਾਨ ਸ਼ਖ਼ਸੀਅਤ ਵਲੋਂ ਪ੍ਰਵਾਰਿਕ ਜੁੰਮੇਵਾਰੀਆਂ ਨਿਭਾਉਂਦੇ ਹੋਏ ਗਾਇਕੀ ਦੇ ਖੇਤਰ ਵਿੱਚ ਵੱਡਾ ਨਾਮ ਕਮਾਉਣਾ ਵੀ ਵੱਡੀ ਪ੍ਰਾਪਤੀ ਹੈ। ਅਖੀਰ ਵਿੱਚ ਸਭਾ ਦੇ ਪ੍ਰਧਾਨ ਅਮਰਜੀਤ ਸਿੰਘ ਫ਼ੌਜੀ ਦੀਨਾ ਸਾਹਿਬ ਨੇ ਕਿਹਾ ਕਿ ਪੰਜਾਬੀ ਲਿਖਾਰੀ ਸਭਾ ਨਿਹਾਲ ਸਿੰਘ ਵਾਲਾ ਇਸ ਦੁੱਖ ਦੀ ਘੜੀ ਵਿੱਚ ਰਛਪਾਲ ਰਸੀਲਾ ਜੀ ਤੇ ਉਨ੍ਹਾਂ ਦੇ ਪ੍ਰਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕਰਦੀ ਹੈ ਕਿ ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਤੇ ਪ੍ਰਵਾਰ ਨੂੰ ਅਤੇ ਉਨ੍ਹਾਂ ਦੇ ਚਾਹੁਣ ਵਾਲਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਇਸ ਮੀਟਿੰਗ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਗੀਤਾ ਦਿਆਲਪੁਰਾ, ਜਸਵੰਤ ਬੋਪ-ਰਾਏ, ਪ੍ਰਸ਼ੋਤਮ ਪਤੋ, ਹਰਪ੍ਰੀਤ ਪਤੋ, ਮੰਗਲਮੀਤ ਪਤੋ, ਨਿਰਮਲ ਸਿੰਘ ਰਣਸੀਂਹ , ਗੁਰਦੀਪ ਕੈੜਾ ਭਦੌੜ, ਰਜਿੰਦਰ ਸ਼ਰਮਾ ਭਦੌੜ, ਕੁਲਵੰਤ ਮਾਨ ਭਦੌੜ, ਜਸਵੀਰ ਸ਼ਰਮਾ ਦੱਦਾਹੂਰ, ਗਾਇਕ ਬਲਵਿੰਦਰ ਮਾਨ ਭਦੌੜ ਤੇ ਪ੍ਰੀਤ ਕਲਮ ਮੋਗਾ, ਹਰਪਾਲ ਫ਼ੌਜੀ ਦਿਆਲਪੁਰਾ,ਗੁਰਾ ਮਹਿਲ ਭਾਈਰੂਪਾ, ਦਮਨਪ੍ਰੀਤ ਸਿੰਘ ਭਾਗੀਕੇ, ਅਰਸ਼ਦੀਪ ਭਾਗੀਕੇ, ਗੁਰਦਿੱਤ ਦੀਨਾ ਸਾਹਿਬ, ਇੰਦਰਜੀਤ ਦੀਨਾ, ਨਵਜੋਤ ਕੌਰ ਦੀਨਾ, ਵੀਰਪਾਲ ਹਾਕਮ ਸਿੰਘ ਵਾਲਾ,ਲਾਭ ਸਿੰਘ ਡੋਡ, ਗਾਇਕ ਹੈਪੀ ਸਲਾਬਤਪੁਰ, ਮੰਦਰ ਅਲਕੜੇ, ਕੁਲਵੰਤ ਅਲਕੜੇ, ਬੂਟਾ ਸਿੰਘ ਅਲਕੜੇ ਆਦਿ ਹਾਜ਼ਰ ਸਨ ਪ੍ਰੈਸ ਨੂੰ ਜਾਣਕਾਰੀ ਸਭਾ ਦੀ ਜਨਰਲ ਸਕੱਤਰ ਬੀਬੀ ਅਮਨਦੀਪ ਕੌਰ ਹਾਕਮ ਸਿੰਘ ਵਾਲਾ ਨੇ ਦਿੱਤੀ। ਅਮਰਜੀਤ ਸਿੰਘ ਫ਼ੌਜੀ ਦੀਨਾ ਸਾਹਿਬ ਨੇ ਮੀਟਿੰਗ ਸਭਾ ਹਾਜ਼ਰ ਸਖਸ਼ੀਅਤਾਂ ਦਾ ਧੰਨਵਾਦ ਕੀਤਾ।

# ਲਖਬੀਰ ਸਿੰਘ ਲੱਕੀ ਸ਼ਾਹ ਅੰਬੇਡਕਰ ਸੈਨਾ ਦਾ ਜਲੰਧਰ ਤੋਂ ਵਾਈਸ ਪ੍ਰਧਾਨ ਨਿਯੁਕਤ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)** ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ ਮਿਸ਼ਨ ਫਿਲੋਸਫੀ ਅਤੇ ਉਹਨਾਂ ਦੀ ਵਿਚਾਰਧਾਰਾ ਨੂੰ ਹੋਰ ਮਜਬੂਤ ਅਤੇ ਅੱਗੇ ਵਧਾਉਣ ਲਈ ਅੰਬੇਡਕਰ ਸੈਨਾ ਆਫ ਇੰਡੀਆ ਵੱਲੋਂ ਸੀਨੀਅਰ ਵਾਈਸ ਪ੍ਰਧਾਨ ਜਲੰਧਰ ਲਖਵੀਰ ਸਿੰਘ ਸਾਈਂ ਲੱਕੀ ਸ਼ਾਹ ਨੂੰ ਪਿੰਡ ਖੋਜਕੀਪੁਰ ਜ਼ਿਲ੍ਹਾ ਜਲੰਧਰ ਵਿਖੇ ਨਾਮਜਦ ਕੀਤਾ ਗਿਆ । ਇਸ ਮੌਕੇ ਉਹਨਾਂ ਨੂੰ ਨਿਯੁਕਤੀ ਪੱਤਰ ਦੇ ਕੇ ਅੰਬੇਡਕਰ ਸੈਨਾ ਆਫ ਇੰਡੀਆ ਰਜਿਸਟਰ ਦੇ ਮੈਂਬਰਾਂ ਨੇ ਅੰਬੇਡਕਰ ਸੈਨਾ ਵਿੱਚ ਆਉਣ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਲਖਬੀਰ ਸਿੰਘ ਲੱਕੀ ਸ਼ਾਹ ਨੇ ਕਿਹਾ ਕਿ ਉਹ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ ਮਿਸ਼ਨ ਅਤੇ ਵਿਚਾਰਧਾਰਾ ਨੂੰ ਅੰਬੇਡਕਰ ਸੈਨਾ ਰਾਹੀਂ ਜਨ ਜਨ ਤੱਕ ਪਹੁੰਚਾਏਗਾ ਤੇ ਉਹਨਾਂ ਦੀ ਵਿਚਾਰਧਾਰਾ ਪੜ੍ਹੋ ਜੁੜੋ ਸੰਘਰਸ਼ ਕਰੋ ਦੇ ਰਾਹ ਉੱਤੇ ਸਮੁੱਚੇ ਯੂਥ ਵਰਗ ਨੂੰ ਤੋਰੇਗਾ । ਇਸ ਨਯੁਕਤੀ ਮੌਕੇ ਉਹਨਾਂ ਦੇ ਨਾਲ ਅੰਬੇਡਕਰ ਸੈਨਾ ਦੇ ਅਹੁਦੇਦਾਰਾਂ ਤੋਂ ਇਲਾਵਾ ਸੰਤ ਬਲਵੰਤ ਸਿੰਘ ਡੀਂਗਰੀਆਂ, ਲੋਕ ਗਾਇਕ ਦਲਵਿੰਦਰ ਦਿਆਲਪੁਰੀ, ਲਾਡੀ ਸੰਧੂ, ਬੌਵੀ ਨਾਜਕਾ ਸਮੇਤ ਕਈ ਹੋਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਬਾਬਾ ਖੜਕ ਸਿੰਘ, ਬਾਬਾ ਦਰਸ਼ਨ ਸਿੰਘ ਕਾਰ-ਸੇਵਾ ਵਾਲੇ

ਭਾਈ ਕਨੱਈਆ ਰਾਮ ਜੀ ਤੋਂ ਪ੍ਰਚਲਿਤ ਸੇਵਾਪੰਥੀ ਸਾਧੂਆਂ ਨੇ ਜਿੱਥੇ ਲੋਕਾਂ ਦੇ ਸਰੀਰਕ ਸੁੱਖ ਆਰਾਮ ਲਈ ਸਰਾਵਾਂ, ਟਿਕਾਣੇ, ਖੂਹ, ਤਲਾਬ, ਦਵਾਖਾਨੇ ਤੇ ਲੰਗਰ ਲਾ ਕੇ ਮਨੁੱਖ ਜਾਤੀ ਦੀ ਸੇਵਾ ਕੀਤੀ ਹੈ, ਉੱਥੇ ਮਾਨਸਿਕ ਸ਼ਾਂਤੀ ਤੇ ਸਦਾਚਾਰਿਕ ਸਿੱਖਿਆ ਲਈ ਸੁੰਦਰ ਸਾਹਿਤ ਦੀ ਵੀ ਸਿਰਜਣਾ ਕੀਤੀ ਹੈ।

ਸੇਵਾਪੰਥੀ ਆਸ਼ਰਮ ਸ਼ਾਹਪੁਰ ਸ਼ਹਿਰ ਤੇ ਹੁਣ ਡੇਰਾ ਬਾਬਾ ਸ਼ਾਮ ਸਿੰਘ ਜੀ ਆਟਾ ਮੰਡੀ ਅੰਮ੍ਰਿਤਸਰ ਦੇ ਮੁਖੀ ਸੇਵਾਦਾਰਾਂ ਦੀ ਸੇਵਾਪੰਥੀ ਸੰਤ ਪ੍ਰਣਾਲੀ ਬ੍ਰਹਮ-ਗਿਆਨੀ ਭਾਈ ਕਨੱਈਆ ਰਾਮ ਜੀ ਤੇ ਆਰੰਭ ਹੁੰਦੀ ਹੈ। ਉਹਨਾਂ ਦੇ ਮੁੱਖ ਪਥ -ਪ੍ਰਦਰਸ਼ਕਾਂ ਦੀ ਲੜੀ ਵਿੱਚ ਭਾਈ ਸੇਵਾ ਰਾਮ ਜੀ, ਭਾਈ ਅੱਡਣ ਸ਼ਾਹ ਜੀ, ਭਾਈ ਭੱਲਾ ਰਾਮ ਜੀ, ਸੰਤ ਭਾਈ ਸਹਾਈ ਸਿੰਘ ਜੀ, ਸੰਤ ਭਾਈ ਰਾਮ ਸਿੰਘ ਜੀ, ਸੰਤ ਬਾਬਾ ਸ਼ਾਮ ਸਿੰਘ, ਜੀ ਸੰਤ ਬਾਬਾ ਝੰਡਾ ਸਿੰਘ ਜੀ, ਸੰਤ ਬਾਬਾ ਖੜਕ ਸਿੰਘ ਜੀ, ਸੰਤ ਬਾਬਾ ਦਰਸ਼ਨ ਸਿੰਘ ਜੀ ਤੇ ਵਰਤਮਾਨ ਗੱਦੀਨਸ਼ੀਨ ਸੰਤ ਬਾਬਾ ਸੰਤੋਖ ਸਿੰਘ ਜੀ 'ਸੇਵਾਪੰਥੀ' (ਕਾਰ-ਸੇਵਾ ਵਾਲਿਆਂ) ਤੱਕ ਪੁੱਜਦੀ ਹੈ।

ਬਾਬਾ ਖੜਕ ਸਿੰਘ ਜੀ :- ਬਾਬਾ ਖੜਕ ਸਿੰਘ ਜੀ ਦਾ ਜਨਮ 2 ਜੇਠ ਸੰਮਤ 1952 ਬਿਕਰਮੀ ਸੰਨ 1895 ਈ: ਦਿਨ ਮੰਗਲਵਾਰ ਨੂੰ ਪਿਤਾ ਸ੍ਰ: ਪਾਲਾ ਸਿੰਘ ਦੇ ਘਰ ਮਾਤਾ ਚੰਦ ਕੌਰ ਦੀ ਕੁੱਖੋਂ ਲਾਹੌਰ ਜ਼ਿਲ੍ਹੇ ਦੇ ਪਿੰਡ ਬਰਕੀ (ਪਾਕਿ-ਸਤਾਨ) ਵਿਖੇ ਹੋਇਆ। ਆਪ ਦਾ ਪਰਿਵਾਰ ਇੱਕ ਸਧਾਰਨ ਪੇਂਡੂ ਪਰਿਵਾਰ ਸੀ, ਜੋ ਦਸਾਂ-ਨਹੁੰਆਂ ਦੀ ਕਿਰਤ-ਕਮਾਈ ਕਰਕੇ ਜੀਵਨ ਨਿਰਬਾਹ ਕਰਦਾ ਸੀ। ਜਟਾਵਾਂ ਹੋਣ ਕਰਕੇ ਪਹਿਲਾਂ ਆਪ ਦਾ ਨਾਂ ਬਾਵਾ ਸਿੰਘ ਰੱਖਿਆ ਗਿਆ। ਅੰਮ੍ਰਿਤ ਛਕਣ ਤੋਂ ਬਾਅਦ ਨਾਂ 'ਖੜਕ ਸਿੰਘ' ਰੱਖਿਆ ਗਿਆ। ਜਦ ਜਵਾਨ ਹੋਏ ਤਾਂ 25 ਸਾਲ ਦੀ ਉਮਰ ਵਿੱਚ ਆਪ ਫ਼ੌਜ ਵਿੱਚ ਭਰਤੀ ਹੋ ਕੇ ਬਗਦਾਦ ਚਲੇ ਗਏ। ਜਦ ਜ਼ਲ੍ਹਿਆਂਵਾਲੇ ਬਾਗ਼ ਵਿੱਚ ਗੋਲੀ ਚੱਲੀ ਅਤੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਚੁੱਕੀ ਸੀ ਤਾਂ ਧਰਮ ਪ੍ਰਤੀ ਆਪ ਦੀ ਸ਼ਰਧਾ ਨੇ ਫ਼ੌਜ ਦੀ ਨੌਕਰੀ ਵੱਲੋਂ ਆਪ ਦਾ ਮਨ ਉਪਰਾਮ ਕਰ ਦਿੱਤਾ। ਆਪ ਦੋ ਸਾਲ ਬਾਅਦ 1922 ਵਿੱਚ ਫ਼ੌਜ ਵਿੱਚੋਂ ਤਿਆਗ-ਪੱਤਰ ਦੇ ਕੇ ਪਿੰਡ ਆ ਗਏ। ਅਕਾਲੀ ਲਹਿਰ ਆਪਣੇ ਜ਼ੋਰਾਂ ਤੇ ਸੀ ਤੇ ਮਨ ਨੇ ਸਿੱਖੀ ਪਿਆਰ ਵਿੱਚ ਉਛਾਲਾ ਖਾਧਾ ਤਾਂ ਜੈਤੋ ਦੇ ਮੋਰਚੇ ਵਿੱਚ 500 ਸਿੱਖਾਂ ਦੇ ਜਥੇ ਸਮੇਤ ਗ੍ਰਿਫਤਾਰ ਹੋ ਗਏ। 18 ਮਹੀਨੇ ਨਾਭਾ ਜੇਲ੍ਹ 'ਚ ਕੈਦ ਕੱਟੀ, ਰਿਹਾਅ ਹੋਣ ਤੋਂ ਬਾਅਦ ਆਪ ਆਪਣੇ ਨਾਨਕੇ ਪਿੰਡ ਮਗਿੰਦਰਪੁਰ ਆ ਗਏ। ਪਿੰਡ ਵਿੱਚ ਪੱਖਪਾਤ ਤੋਂ ਰਹਿਤ ਫ਼ੈਸਲਿਆਂ ਨੂੰ ਨਜਿੱਠਣਾ, ਲੋਕਾਂ ਦੇ ਆਪਸੀ ਵੈਰ-ਵਿਰੋਧ ਦੂਰ ਕਰਨਾ ਆਦਿ ਕੰਮ ਕਰਕੇ ਸ਼ਾਂਤ ਵਾਤਾਵਰਣ ਕਾਇਮ ਕੀਤਾ। 1938 ਵਿੱਚ ਆਪ ਸ਼੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਗਏ, ਉੱਥੇ ਹੀ ਆਪ ਦਾ ਮੇਲ ਗੁਰੂ ਘਰ ਦੇ ਸੇਵਕ ਬਾਬਾ ਨਿਧਾਨ ਸਿੰਘ ਨਾਲ ਹੋਇਆ। ਉਹਨਾਂ ਦੇ ਨਾਲ ਹੀ ਲੰਗਰ ਦੀ ਸੇਵਾ ਵਿੱਚ ਲੱਗ ਪਏ। ਉੱਥੇ ਕੁਝ ਦੇਰ ਸੇਵਾ ਕਰਨ ਉਪਰੰਤ ਦਿੱਲੀ ਦੇ ਗੁਰਦੁਆਰਾ ਨਾਨਕ ਪਿਆਓ ਵਿਖੇ ਜਲ ਛਕਾਉਣ ਦੀ ਸੇਵਾ ਕਰਕੇ ਲੋਕਾਂ ਦੇ ਮਨਾਂ ਨੂੰ ਤ੍ਰਿਪਤ ਅਤੇ ਸ਼ਾਂਤ ਕਰਦੇ ਰਹੇ। ਫਿਰ ਗੁਰਧਾਮਾਂ ਦੇ ਦਰਸ਼ਨ ਕਰਦੇ ਹੋਏ 1938 ਵਿੱਚ ਖਡੂਰ ਸਾਹਿਬ ਪੁੱਜੇ। ਇਸ ਅਸਥਾਨ ਤੇ ਉਸ ਸਮੇਂ ਸੰਤ ਬਾਬਾ ਗੁਰਮੁਖ ਸਿੰਘ, ਸੰਤ ਬਾਬਾ ਸਾਧੂ ਸਿੰਘ ਖਡੂਰ ਸਾਹਿਬ ਤੋਂ ਗੋਇੰਦਵਾਲ ਜਾਣ ਵਾਲੀ ਸੜਕ ਦੀ ਸੇਵਾ ਕਰਵਾ ਰਹੇ ਸਨ। ਕੁਝ ਦਿਨ ਆਪ ਸੜਕ ਦੀਆਂ ਇੱਟਾਂ ਜੋੜਨ ਦੀ ਸੇਵਾ ਕਰਦੇ ਰਹੇ। ਜਦ ਮਹਾਂਪੁਰਖਾਂ ਤੋਂ ਜਾਣ ਦੀ ਆਗਿਆ ਮੰਗੀ ਤਾਂ ਬਾਬਾ ਸਾਧੂ ਸਿੰਘ ਨੇ ਕਿਹਾ, ''ਪੁਰਖਾ ! ਕਿੱਥੇ ਜਾਣਾ ਹੈ ? ਹੱਥ ਜੋੜ ਕੇ ਨਿਰਮਰਤਾ ਸਾਹਿਤ ਬੇਨਤੀ ਕੀਤੀ, ਮਹਾਰਾਜ ! ਜਿੱਥੇ ਅੰਨ-ਜਲ ਲੈ ਜਾਵੇ।'' ਇਸ ਸਮੇਂ ਇਲਾਕਾ ਝਬਾਲ ਦੀਆਂ ਸੰਗਤਾਂ ਵੱਲੋਂ ਬਾਬਾ ਗੁਰਮੁਖ ਸਿੰਘ ਜੀ ਨੂੰ ਬੇਨਤੀ ਕੀਤੀ ਗਈ ਕਿ ਬ੍ਰਹਮ-ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੀ ਯਾਦ ਵਿੱਚ ਜੋ ਗੁਰਦੁਆਰਾ ਸਾਹਿਬ ਦੀ ਇਮਾਰਤ ਹੈ। ਉਹ ਇਤਿਹਾਸਕ ਤੇ ਧਾਰਮਿਕ ਮਹਾਨਤਾ ਮੁਤਾਬਕ ਜੱਚਦੀ ਨਹੀਂ, ਇਸ ਲਈ ਇਸ ਦਾ ਜ਼ਿੰਮਾ ਆਪਣੇ ਹੱਥ ਲਿਆ ਜਾਵੇ, ਤਾਂ ਬਾਬਾ ਗੁਰਮੁਖ ਸਿੰਘ ਜੀ ਨੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਦੀ ਇਮਾਰਤ ਲਈ ਆਪ ਜੀ ਨੂੰ ਹੁਕਮ ਦਿੱਤਾ । ਬਾਬਾ ਖੜਕ ਸਿੰਘ ਜੀ ਨੇ ਉੱਥੇ ਪਹੁੰਚ ਕੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ, ਸਰੋਵਰ, ਲੰਗਰ ਹਾਲ, ਸਰਾਂ, ਦੀਵਾਨ ਹਾਲ ਦਾ ਨਿਰਮਾਣ ਕਰਵਾਇਆ। ਬਾਬਾ ਜੀ ਨੇ ਗੁਰਦੁਆਰਾ ਡੇਰਾ ਸਾਹਿਬ ਪੱਠੇਵਿੰਡ, ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਗਿੱਲਾਂ, ਗੁਰਦੁਆਰਾ ਮਾਈ ਭਾਗੋ ਜੀ ਪਿੰਡ ਝਬਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਗੁਰਦੁਆਰਾ ਸ਼੍ਰੀ ਰਾਮਸਰ ਸਾਹਿਬ ਅੰਮ੍ਰਿਤਸਰ ਦਾ ਵੀ ਨਿਰਮਾਣ ਕਰਵਾਇਆ। ਬਾਬਾ ਖੜਕ ਸਿੰਘ ਜੀ ਨੇ ਧਾਰਮਿਕ ਤੇ ਸਮਾਜਿਕ ਕਾਰਜਾਂ ਦੀ ਉਸਾਰੀ ਲਈ ਇੱਟਾਂ ਦੇ ਭੱਠੇ ਚਾਲੂ ਕੀਤੇ ਅਤੇ ਲੱਖਾਂ-ਕਰੋੜਾਂ ਦੀ ਗਿਣਤੀ ਵਿੱਚ ਇੱਟਾਂ ਪਕਵਾਈਆਂ।



ਬਾਬਾ ਖੜਕ ਸਿੰਘ ਜੀ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਸਨ। ਉਹ ਮੰਦਰ, ਮਸਜਿਦ ਅਤੇ ਗੁਰਦੁਆਰਿਆਂ ਨੂੰ ਪੂਰਨ ਰੂਪ ਵਿੱਚ ਇੱਕੋ ਜਿਹਾ ਰੱਬ ਦਾ ਘਰ ਸਮਝਦੇ ਸਨ। ਬਾਬਾ ਜੀ ਨੇ ਦੀਨ ਦੁਖੀਆਂ, ਬਿਰਧਾਂ ਤੇ ਬਿਮਾਰ ਵਿਅਕਤੀਆਂ ਦੀ ਅਥਾਹ ਸੇਵਾ ਕੀਤੀ। ਬਾਬਾ ਖੜਕ ਸਿੰਘ ਜੀ ਨੇ ਬਾਬਾ ਬੁੱਢਾ ਜੀ ਦੇ ਨਾਂ 'ਤੇ ਡਿਗਰੀ ਕਾਲਜ, ਸੀਨੀਅਰ ਸੈਕੰਡਰੀ ਸਕੂਲ ਤੇ ਪਬਲਿਕ ਸਕੂਲਾਂ ਦਾ ਵੀ ਨਿਰਮਾਣ ਕੀਤਾ। ਉਹਨਾਂ ਸਰੋਵਰਾਂ, ਹੰਸਲੀਆਂ, ਸੜਕਾਂ ਤੇ ਇਮਾਰਤਾਂ ਦਾ ਵੱਡੇ ਪੱਧਰ ਤੇ ਨਿਰਮਾਣ ਕੀਤਾ। ਬਾਬਾ ਖੜਕ ਸਿੰਘ ਨੇ ਸਿਰਫ਼ ਆਪਣੇ ਦੇਸ਼ ਦੇ ਗੁਰਧਾਮਾਂ ਦੀ ਹੀ ਸੇਵਾ ਨਹੀਂ ਕੀਤੀ ਸਗੋਂ ਪਾਕਿਸਤਾਨ ਅਤੇ ਹਿੰਦੁਸਤਾਨ ਦੀ ਜੰਗ ਸਮੇਂ ਪਾਕਿਸਤਾਨ ਦੀ ਹੱਦ ਅੰਦਰ ਜਿਹੜੇ ਗੁਰਦੁਆਰਿਆਂ ਦੀਆਂ ਇਮਾਰਤਾਂ ਢਹਿ ਗਈਆਂ ਸਨ, ਦੀ ਉਸਾਰੀ ਵੀ ਕਰਵਾਈ। ਬਾਬਾ ਖੜਕ ਸਿੰਘ ਜੀ ਨੇ ਆਪਣਾ ਸਰੀਰ ਤਿਆਗਣ ਤੋਂ 10 ਸਾਲ ਪਹਿਲਾਂ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੀ ਹਾਜ਼ਰੀ ਵਿੱਚ ਭਾਰੀ ਦੀਵਾਨ ਸਾਹਮਣੇ ਬਾਬਾ ਦਰਸ਼ਨ ਸਿੰਘ ਜੀ ਨੂੰ ਆਪਣਾ ਉਤਰਾਧਿਕਾਰੀ ਨਿਯਤ ਕਰ ਦਿੱਤਾ ਸੀ। ਬਾਬਾ ਖੜਕ ਸਿੰਘ ਜੀ 30 ਮਈ 1986 ਈ: ਨੂੰ 91 ਸਾਲ ਦੀ ਉਮਰ ਬਤੀਤ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ।

ਬਾਬਾ ਦਰਸ਼ਨ ਸਿੰਘ ਜੀ:- ਬਾਬਾ ਦਰਸ਼ਨ ਸਿੰਘ ਜੀ ਦਾ ਜਨਮ ਸੰਨ 1930 ਈ: ਨੂੰ ਪਿੰਡ ਕਾਹਲਵਾਂ ਜ਼ਿਲ੍ਹਾ ਤਰਨਤਾਰਨ ਵਿਖੇ ਪਿਤਾ ਸ੍ਰ: ਗੁਰਦਿੱਤ ਸਿੰਘ ਦੇ ਘਰ ਮਾਤਾ ਸੰਤੀ ਜੀ ਦੀ ਕੁੱਖੋਂ ਹੋਇਆ। ਉਹਨਾਂ ਸਮੇਤ ਤਿੰਨ ਭਰਾ ਧਰਮ ਸਿੰਘ, ਕਰਮ ਸਿੰਘ, ਦਰਸ਼ਨ ਸਿੰਘ ਤੇ ਇੱਕ ਭੈਣ ਹਨ। ਉਹਨਾਂ ਨੇ ਕੁੱਝ ਬ੍ਰਜ ਭਾਸ਼ਾ ਦੇ ਪੁਸਤਕ ਅਤੇ ਭਗਤ ਬਾਣੀ ਇੱਕ ਵਿਦਵਾਨ ਉਦਾਸੀਨ ਮਹਾਤਮਾ ਤੋਂ ਪੜ੍ਹੀ। ਉਹਨਾਂ ਨੂੰ ਬੇਅੰਤ ਗੁਰਬਾਣੀ ਦੀਆਂ ਤੁਕਾਂ ਯਾਦ ਸਨ। ਬਾਬਾ ਦਰਸ਼ਨ ਸਿੰਘ ਜੀ ਬਚਪਨ ਤੋਂ ਹੀ ਬਾਬਾ ਖੜਕ ਸਿੰਘ ਜੀ ਦੀ ਸੇਵਾ ਵਿੱਚ ਸਨ। ਬਾਬਾ ਦਰਸ਼ਨ ਸਿੰਘ ਦੇ ਸਭ ਤੋਂ ਵੱਡੇ ਭਰਾ ਧਰਮ ਸਿੰਘ ਜੀ ਜਪਾਨ ਦੀ ਜੰਗ ਵਿੱਚ ਵਿੱਚ ਮੌਤ ਹੋ ਗਈ ਸੀ ਤੇ ਦੂਜੇ ਭਰਾ ਸ੍ਰ: ਕਰਮ ਸਿੰਘ ਦਾ ਆਪਣੇ ਹੀ ਸ਼ਰੀਕ ਭਰਾਵਾਂ ਹੱਥੋਂ ਕਤਲ ਹੋ ਗਿਆ ਸੀ। ਇਹਨਾਂ ਦੋਨਾਂ ਪੁੱਤਰਾਂ ਦੇ ਵਿਛੋੜੇ ਕਾਰਨ ਬਾਪੂ ਗੁਰਦਿੱਤ ਸਿੰਘ ਤੇ ਮਾਤਾ ਸੰਤੀ ਬਹੁਤ ਉਦਾਸ ਰਹਿਣ ਲੱਗ ਪਏ। ਮਾਤਾ ਸੰਤੀ ਬਾਬਾ ਖੜਕ ਸਿੰਘ ਜੀ ਨੂੰ ਵਾਰ-ਵਾਰ ਬੇਨਤੀਆਂ ਕਰਨ ਲੱਗੀ। ਬਾਬਾ ਜੀ ਨੇ ਕਿਹਾ, ''ਕਿ ਇਸ ਦੇ ਸਿਰ ਉੱਪਰ ਸੇਵਾ ਦਾ ਭਾਰ ਆਉਣ ਵਾਲਾ ਹੈ।'' ਫਿਰ ਰਿਸ਼ਤੇਦਾਰਾਂ ਤੇ ਇਲਾਕੇ ਦੀ ਸੰਗਤ ਨੇ ਇਕੱਠੇ ਹੋ ਕੇ ਬਾਬਾ ਖੜਕ ਸਿੰਘ ਜੀ ਕੋਲ ਬੇਨਤੀ ਕੀਤੀ। ਬਾਬਾ ਖੜਕ ਸਿੰਘ ਜੀ ਹਰੇਕ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲੈ ਕੇ ਕਰਦੇ ਸਨ। ਉਹਨਾਂ ਨੇ ਸਾਰੀ ਸੰਗਤ ਸਾਹਮਣੇ ਦੋ ਚਿੱਠੀਆਂ (ਪਰਚੀਆਂ) ਲਿਖੀਆਂ, ਇੱਕ ਵਿਆਹ ਕਰਨ ਸੰਬੰਧੀ ਸੀ ਤੇ ਦੂਜੀ ਵਿਆਹ ਨਾ ਕਰਨ ਸੰਬੰਧੀ ਸੀ। ਦੋਵੇਂ ਚਿੱਠੀਆਂ (ਪਰਚੀਆਂ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਰੱਖ ਦਿੱਤੀਆਂ ਗਈਆਂ ਅਤੇ ਇੱਕ ਛੋਟੇ ਬੱਚੇ ਨੂੰ ਇੱਕ ਚਿੱਠੀ (ਪਰਚੀ) ਚੁੱਕਣ ਲਈ ਕਿਹਾ ਗਿਆ। ਚਿੱਠੀ ਦਰਸ਼ਨ ਸਿੰਘ ਨੂੰ ਵਿਆਹ ਕਰਨ ਦੀ ਨਿਕਲ ਆਈ। ਬਾਬਾ ਖੜਕ ਸਿੰਘ ਜੀ ਨੇ ਵੀ ਉਹਨਾਂ ਨੂੰ ਵਿਆਹ ਕਰਨ ਲਈ ਕਿਹਾ ਤੇ ਸਾਰੇ ਕਾਰਜ ਆਪਣੇ ਹੱਥੀਂ ਨਿਭਾਏ। ਬਾਬਾ ਦਰਸ਼ਨ ਸਿੰਘ ਜੀ ਵਿੱਚ ਸਹਿਨਸ਼ੀਲਤਾ ਅਤਿ ਦਰਜੇ ਦੀ ਸੀ। ਬਾਬਾ ਦਰਸ਼ਨ ਸਿੰਘ ਜੀ, ਬਾਬਾ ਖੜਕ ਸਿੰਘ ਜੀ ਵੱਲੋਂ ਕਹੇ ਹਰ ਬਚਨ ਨੂੰ ਸਤਿ ਕਰਕੇ ਮੰਨਦੇ ਸਨ। ਭਾਵੇਂ ਬਾਬਾ ਦਰਸ਼ਨ ਸਿੰਘ ਜੀ ਵਿੱਦਿਆ ਪੱਖੋ ਘੱਟ ਪੜ੍ਹੇ ਸਨ ਪਰੰਤੂ ਬੜੀ ਡੂੰਘੀ ਸੂਝ ਸ਼ਕਤੀ ਕਾਰਨ ਹਰ ਸਮੱਸਿਆ ਨੂੰ ਬੜੀ ਖੂਬੀ ਨਾਲ ਸੁਲਝਾਉਣ ਦੀ ਸਮਰੱਥਾ ਰੱਖਦੇ ਸਨ। ਬਾਬਾ ਦਰਸ਼ਨ ਸਿੰਘ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਬਿਆਸ ਦਰਿਆ ਦੇ ਪੁੱਲ ਦਾ ਨਿਰਮਾਣ ਕਰਵਾਇਆ। ਬਿਆਸ ਦਰਿਆ ਦੇ ਕੰਢੇ ਤੇ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਸੁੰਦਰ ਅਸਥਾਨ ਬਣਾਇਆ, ਪੱਖੇ ਲਗਵਾਏ, ਫੁੱਲ-ਬੂਟੇ ਲਗਾ ਕੇ ਸੁੰਦਰ ਬਾਗ਼-ਬਗੀਚਾ ਤਿਆਰ ਕਰਵਾਇਆ । ਆਏ—ਗਏ ਯਾਤਰੂਆਂ ਲਈ ਰਿਹਾਇਸ਼ ਤੇ ਲੰਗਰ ਦਾ ਸੁਚੱਜਾ ਪ੍ਰਬੰਧ ਕੀਤਾ। ਅੱਜ ਇਹ ਅਸਥਾਨ ਦੇਖਣਯੋਗ ਹੈ।

ਸਿੱਖ ਜਗਤ ਸਿੰਘ ਸਾਰੇ ਗੁਰੂਆਂ ਦੇ ਜਨਮ ਅਸਥਾਨ ਬਣੇ ਹਨ ਪਰ ਤੀਜੇ ਗੁਰੂ ਸ਼੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅਸਥਾਨ ਪਿੰਡ ਬਾਸਰਕੇ ਗਿੱਲਾਂ ਵਿਖੇ ਨਹੀਂ ਸੀ ਬਣਿਆ। ਉਸ ਦੀ ਤਲਾਸ਼ ਕਰਕੇ, ਬਾਬਾ ਦਰਸ਼ਨ ਸਿੰਘ ਜੀ ਨੇ ਛੱਪੜ ਨੂੰ ਪੂਰ ਕੇ ਸੀਮਿੰਟ, ਸਰੀਆ, ਲੋਹਾਂ, ਇੱਟਾਂ ਨਾਲ ਮਜ਼ਬੂਤ ਅਸਥਾਨ ਬਣਾਇਆ। ਇਸ ਅਸਥਾਨ ਤੇ 16 ਫੁੱਟ ਉੱਚਾ ਸੁਨਹਿਰੀ ਕਲਸ਼ ਵੀ ਲਾਇਆ। ਬਾਬਾ ਦਰਸ਼ਨ ਸਿੰਘ ਜੀ ਨੇ ਬਾਬਾ ਬੁੱਢਾ ਕਾਲਜ ਦੀ ਦੂਜੀ ਮੰਜ਼ਿਲ ਤਿਆਰ ਕਰਵਾਈ। ਸ੍ਰੀ ਗੁਰੂ ਗ੍ਰੰਥ ਭਵਨ ਦੀ ਇਮਾਰਤ ਨੂੰ ਸੰਪੂਰਨ ਕਰਵਾਇਆ ਤੇ ਉਸ ਦੇ ਗੁੰਬਦ ਉੱਪਰ ਸੋਨਾ ਲਗਵਾਇਆ। ਗੁਰਦੁਆਰਾ ਜਨਮ-ਸਥਾਨ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰੂ ਕੀ ਵਤਾਲੀ ਦੀ ਦਰਸ਼ਨੀ ਡਿਓੜ੍ਹੀ ਦੀ ਉਸਾਰੀ, ਲੰਗਰ ਹਾਲ ਸ਼੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ, ਗੁਰੂਦੁਆਰਾ ਬੀਬੀ ਅਮਰੋ ਜੀ ਬਾਸਰਕੇ ਗਿੱਲਾਂ, ਗੁਰਦੁਆਰਾ ਜਨਮ-ਅਸਥਾਨ ਗੁਰੂ ਅਮਰਦਾਸ ਜੀ ਬਾਸਰਕੇ ਗਿੱਲਾਂ, ਗੁਰਦੁਆਰਾ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ, ਜਨਮ-ਅਸਥਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਪਹੂਵਿੰਡ ਗੁਰਦੁਆਰੇ ਦੇ ਨਿਰਮਾਣ ਦੇ ਨਾਲ-ਨਾਲ ਸਰੋਵਰ ਦੀ ਉਸਾਰੀ ਅਤੇ ਗਿਆਰਾਂ ਏਕੜ ਦੇ ਰਕਬੇ ਦੀ ਚਾਰਦੀਵਾਰੀ ਕਰਵਾਈ। ਗੁਰਦੁਆਰਾ ਸੰਨ੍ਹ ਸਾਹਿਬ ਦਾ ਲੰਗਰ ਹਾਲ ਅਤੇ ਦੀਵਾਨ ਹਾਲ, ਗੁਰਦੁਆਰਾ ਗੁਰੂ ਕੀ ਵਡਾਲੀ ਸਾਹਿਬ ਦੀ ਦਰਸ਼ਨੀ ਡਿਓੜ੍ਹੀ ਦੀ ਉਸਾਰੀ, ਗੁਰਦੁਆਰਾ ਰਾਮਸਰ ਸਾਹਿਬ ਵਿਖੇ 18 ਫੁੱਟ ਉੱਚਾ ਸੋਨੇ ਦਾ ਕਲਸ਼ ਲਾਇਆ। ਬੀੜ ਬਾਬਾ ਬੁੱਢਾ ਸਾਹਿਬ ਨੂੰ ਜਾਣ ਵਾਲੇ ਰਸਤੇ ਜੀ.ਟੀ. ਰੋਡ 'ਤੇ ਦਰਸ਼ਨੀ ਗੇਟ ਬਣਾਇਆ। ਬਾਬਾ ਦਰਸ਼ਨ ਸਿੰਘ ਜੀ ਨੇ ਬਾਬਾ ਖੜਕ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ 'ਸੰਤ ਨਿਵਾਸ' ਗੁਰਦੁਆਰੇ ਦੀ ਸੁੰਦਰ ਇਮਾਰਤ ਬਣਵਾਈ ਤੇ ਨਾਲ ਹੀ ਸੰਤ ਬਾਬਾ ਖੜਕ ਸਿੰਘ ਜੀ ਫਰੀ ਹਸਪਤਾਲ ਬਣਵਾਇਆ। ਪਿੰਡ ਠੱਟਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਬਾਬਾ ਦਰਸ਼ਨ ਸਿੰਘ ਜੀ ਨੇ ਬਾਬਾ ਖੜਕ ਸਿੰਘ ਜੀ ਦੀ ਯਾਦ ਵਿੱਚ ਬਹੁਤ ਹੀ ਸੁੰਦਰ ਯਾਦਗਾਰੀ ਗੇਟ ਬਣਵਾਇਆ। ਗੁਰਦੁਆਰਾ ਮਾਈ ਭਾਗੋ ਪਿੰਡ ਝਬਾਲ ਆਦਿ ਧਾਰਮਿਕ ਇਮਾਰਤਾਂ ਤੇ ਹੋਰ ਕਈ ਸੜਕਾਂ, ਪੁਲਾਂ, ਗੁਰਦੁਆਰਿਆਂ ਦੀ ਸੇਵਾ ਬਾਬਾ ਦਰਸ਼ਨ ਸਿੰਘ ਜੀ ਨੇ ਕਰਵਾਈ।

ਬਾਬਾ ਦਰਸ਼ਨ ਸਿੰਘ ਜੀ ਨੇ ਚਾਰ ਤਕਨੀਕੀ ਸੰਸਥਾਵਾਂ ਬਾਬਾ ਖੜਕ ਸਿੰਘ ਬਾਬਾ ਦਰਸ਼ਨ ਸਿੰਘ ਆਈ.ਟੀ.ਆਈ ਅਤੇ ਡਿਗਰੀ ਕਾਲਜ (ਲੜਕੀਆਂ) ਚਾਟੀਵਿੰਡ ਗੇਟ ਅੰਮ੍ਰਿਤਸਰ, ਬਾਬਾ ਖੜਕ ਸਿੰਘ ਬਾਬਾ ਦਰਸ਼ਨ ਸਿੰਘ ਆਈ.ਟੀ.ਆਈ ਅਤੇ ਡਿਗਰੀ ਕਾਲਜ ਗੁਰੂ ਕੀ ਵਡਾਲੀ ਛੇਹਰਟਾ ਅੰਮ੍ਰਿਤਸਰ, ਬੀਬੀ ਭਾਨੀ ਆਈ.ਟੀ.ਆਈ ਅਤੇ ਡਿਗਰੀ ਕਾਲਜ ਗੋਇੰਦਵਾਲ ਸਾਹਿਬ ਅੰਮ੍ਰਿਤਸਰ, ਬਾਬਾ ਖੜਕ ਸਿੰਘ ਬਾਬਾ ਦਰਸ਼ਨ ਸਿੰਘ ਆਈ.ਟੀ.ਆਈ ਬੀੜ ਬਾਬਾ ਬੁੱਢਾ ਸਾਹਿਬ ਜੀ ਝਬਾਲ ਅੰਮ੍ਰਿਤਸਰ ਦਾ ਨਿਰਮਾਣ ਕਰਵਾਇਆ।

ਬਾਬਾ ਦਰਸ਼ਨ ਸਿੰਘ ਜੀ ਕਾਰ-ਸੇਵਾ ਵਾਲੇ ਇਤਿਹਾਸਕ ਅਸਥਾਨਾਂ, ਸੜਕਾਂ ਯਾਦਗਾਰੀ ਗੇਟਾਂ, ਹੰਸਲੀਆਂ, ਸਰੋਵਰਾਂ, ਸੁੰਦਰ ਬਾਗ਼-ਬਗੀਚਿਆਂ ਦੀ ਸੇਵਾ ਕਰਵਾਉਂਦੇ ਸਨ। ਉਹਨਾਂ ਡੇਰਿਆਂ ਦੇ ਪ੍ਰਬੰਧ ਤੋਂ ਹੁੰਦੇ ਝਗੜਿਆਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਸਮੂਹ ਸੰਗਤਾਂ ਦੀ ਬੇਨਤੀ ਤੇ ਇੱਕ ਭਾਰੀ ਇਕੱਠ ਵਿੱਚ ਕਾਰ-ਸੇਵਾ ਦੀ ਜ਼ਿੰਮੇਵਾਰੀ ਬਾਬਾ ਸੰਤੋਖ ਸਿੰਘ ਜੀ ਨੂੰ ਸੌਂਪ ਦਿੱਤੀ ਸੀ। ਬਾਬਾ ਦਰਸ਼ਨ ਸਿੰਘ ਜੀ ਕਾਰ-ਸੇਵਾ ਵਾਲੇ ਸੇਵਾ, ਸਿਮਰਨ ਤੇ ਪਰ-ਉਪਕਾਰ ਦੇ ਕਾਰਜ ਕਰਦਿਆਂ 2 ਮਾਰਚ 2019 ਈ: ਦਿਨ ਸ਼ਨੀਵਾਰ ਨੂੰ 89 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ।

ਸੇਵਾ ਦੇ ਪੁੰਜ ਬਾਬਾ ਖੜਕ ਸਿੰਘ ਜੀ ਦੀ 39ਵੀਂ ਬਰਸੀ ਅਤੇ ਬਾਬਾ ਦਰਸ਼ਨ ਸਿੰਘ ਜੀ ਦੀ ਛੇਵੀਂ ਬਰਸੀ 30 ਮਈ (17 ਜੇਠ) ਦਿਨ ਸ਼ੁੱਕਰਵਾਰ ਨੂੰ ਬਾਬਾ ਸੰਤੋਖ ਸਿੰਘ ਜੀ ਦੀ ਰਹਿਨੁਮਾਈ ਹੇਠ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਠੱਠਾ ਅੰਮ੍ਰਿਤਸਰ ਵਿਖੇ ਮਨਾਈ ਜਾ ਰਹੀ ਹੈ।

**ਕਰਨੈਲ ਸਿੰਘ ਐੱਮ.ਏ.ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।**
**Emial- karnialiSnghma@gmial.com**

# ਜ਼ੁਬਾਨ ਨੇ ਤਲਵਾਰ ਨਾਲੋਂ ਜ਼ਿਆਦਾ ਬੰਦੇ ਮਰਵਾਏ ਹਨ

ਕਿੱਡਾ ਵੀ ਡੂੰਘਾ ਜ਼ਖ਼ਮ ਕਿਉਂ ਨਾ ਹੋਵੇ,ਭਰ ਵੀਂ ਜਾਂਦਾ ਹੈ ਤੇ ਭੁੱਲ ਵੀ ਜਾਂਦਾ ਹੈ। ਅਸੀਂ ਆਪਣਾ ਕੋਈ ਜ਼ਖ਼ਮ ਸਿਰਫ਼ ਉਸ ਵੇਲੇ ਹੀ ਯਾਦ ਕਰਦੇ ਹਨ ਜਦੋਂ ਉਸ ਦਾ ਨਿਸ਼ਾਨ ਦਿਸਦਾ ਹੈ। ਦਰਦ ਉਦੋਂ ਹੁੰਦਾ ਹੈ ਜਦੋਂ ਜ਼ਖ਼ਮ ਹੁੰਦਾ ਹੈ ਪਰ ਜ਼ਖ਼ਮ ਦੇ ਭਰ ਜਾਣ ਤੋਂ ਬਾਅਦ ਉਸ ਧਰਤ ਨੂੰ ਅਸੀਂ ਮਹਿਸੂਸ ਨਹੀਂ ਕਰਦੇ।ਅਜਿਹਾ ਜ਼ੁਬਾਨ ਨਾਲ ਨਹੀਂ ਹੁੰਦਾ।ਕਿਸੇ ਦੇ ਕਹੇ ਸ਼ਬਦ ਜ਼ਿੰਦਗੀ ਭਰ ਸਾਡੇ ਦਿਮਾਗ ਵਿੱਚ ਗੂੰਜਦੇ ਰਹਿੰਦੇ ਹਨ। ਸਾਡੇ ਦਿਲ ਦਿਮਾਗ ਚੋਂ ਉਹ ਸ਼ਬਦ ਕਦੀ ਨਹੀਂ ਨਿਕਲਦੇ। ਉਨ੍ਹਾਂ ਸ਼ਬਦਾਂ ਨਾਲ ਜੋ ਜ਼ਖ਼ਮ ਹੁੰਦੇ ਹਨ ਉਹ ਕਦੇ ਨਹੀਂ ਭਰਦੇ। ਆਮ ਭਾਸ਼ਾ ਵਿੱਚ ਆਪਾਂ ਅਕਸਰ ਕਹਿੰਦੇ ਹਾਂ ਕਿ ਮੈਨੂੰ ਅਜੇ ਤੱਕ ਯਾਦ ਹੈ। ਕਿਸੇ ਦੇ ਕਹੇ ਸ਼ਬਦ ਦਿਲ ਨੂੰ ਵਿੰਨ੍ਹ ਦਿੰਦੇ ਹਨ।ਉਹ ਚੀਸ ਕਦੀ ਨਹੀਂ ਜਾਂਦੀ।ਜ਼ੁਬਾਨ ਦੇ ਦਿੱਤੇ ਜ਼ਖ਼ਮ ਨਾਸੂਰ ਬਣ ਜਾਂਦੇ ਹਨ। ਇਹ ਸੱਚ ਹੈ ਕਿ ਤਲਵਾਰ ਨਾਲ ਬੰਦਾ ਮਾਰ ਦਿੱਤਾ ਜਾਂਦਾ ਹੈ ਪਰ ਲੜਾਈਆਂ ਦੇ ਵਿਚ ਕੋਈ ਵਜ੍ਹਾ ਹੁੰਦੀ ਹੈ। ਵਜ੍ਹਾ ਜਦੋਂ ਖ਼ਤਮ ਹੋ ਜਾਂਦੀ ਹੈ ਤਾਂ ਲੜਾਈ ਮੁੱਕ ਜਾਂਦੀ ਹੈ।ਅਮਨ ਅਮਾਨ ਵਿੱਚ ਇੱਕ ਦੂਜੇ ਨੂੰ ਮਾਰਿਆ ਨਹੀਂ ਜਾਂਦਾ। ਇਸ ਦੇ ਉਲਟ ਜ਼ੁਬਾਨ ਨੇ ਜਿੰਨੇ ਮਨ ਮਰਵਾਏ ਹਨ ਉਨ੍ਹਾਂ ਦੀ ਕੋਈ ਗਿਣਤੀ ਨਹੀਂ ਹੋ ਸਕਦੀ।ਜ਼ੁਬਾਨ ਦਾ ਜ਼ਖਮ ਸਰੀਰਕ ਵੀ ਹੁੰਦਾ ਹੈ ਅਤੇ ਮਾਨਸਿਕ ਵੀ। ਕਿਸੇ ਦੀ ਕਹੀ ਗੱਲ ਸੁਣ ਕੇ ਜਦੋਂ ਗੁੱਸਾ ਆਉਂਦਾ ਹੈ ਤਾਂ ਉਸ ਤੇ ਕਾਬੂ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ।ਅਜਿਹੇ ਵਿੱਚ ਜਜ਼ਬਾਤੀ ਹੋਇਆ ਮਨੁੱਖ ਕਤਲ ਤਕ ਕਰ ਦਿੰਦਾ ਹੈ।ਸਰੀਰਕ ਕਤਲ ਇੱਕ ਚੀਜ਼ ਹੈ ਤੇ ਮਾਨਸਿਕ ਕਤਲ ਇੱਕ ਵੱਖਰੀ ਗੱਲ ਹੈ। ਜ਼ੁਬਾਨ ਨੇ ਆਪਣੀ ਕਰੂਪਤਾ ਨਾਲ ਅਨੇਕਾਂ ਹੀ ਲੋਕਾਂ ਨੂੰ ਮਾਨਸਿਕ ਤੌਰ ਤੇ ਮਾਰ ਸੁੱਟਿਆ ਹੈ।ਤਲਵਾਰ ਸਿਰਫ ਲੜਾਈ ਵੇਲੇ ਵਰਤੀ ਜਾਂਦੀ ਹੈ। ਉਸ ਦੁਆਰਾ ਕੀਤੇ ਕਤਲ ਸਿਰਫ਼ ਲੜਾਈਆਂ ਵਿੱਚ ਹੁੰਦੇ ਹਨ।ਪਰ ਜ਼ੁਬਾਨ!ਜ਼ੁਬਾਨ ਤਕ ਕਿਸੇ ਵੀ ਵੇਲੇ ਵਰਤੀ ਜਾਂਦੀ ਹੈ ਇੱਕ ਹਥਿਆਰ ਦੀ ਤਰ੍ਹਾਂ।ਅਜਿਹੇ ਫੱਟ ਦਿੰਦੀ ਹੈ ਜੋ ਮਾਰੂ ਸਿੱਧ ਹੁੰਦੇ ਹਨ। ਇਹ ਕਦੇ ਨਹੀਂ ਭਰਦੇ ਤੇ ਨਾਸੂਰ ਬਣ ਕੇ ਰਿਸਦੇ ਰਹਿੰਦੇ ਹਨ।ਇਹ ਜ਼ਖ਼ਮ ਬੰਦੇ ਨੂੰ ਅੰਦਰੋਂ ਹੀ ਮਾਰ ਦਿੰਦੇ ਹਨ। ਸਰੀਰਕ ਤੌਰ ਤੇ ਮਰਿਆ ਬੰਦਾ ਦਫਨ ਕਰ ਦਿੱਤਾ ਜਾਂਦਾ ਹੈ ਪਰ ਮਾਨਸਿਕ ਤੌਰ ਤੇ ਮਰਿਆ ਬੰਦਾ ਸਾਰੀ ਜ਼ਿੰਦਗੀ ਆਪਣੀ ਸਲੀਬ ਆਪਣੇ ਮੋਢੇ ਤੇ ਚੁੱਕੀ ਫਿਰਦਾ ਹੈ। ਮਨ ਤੇ ਸ਼ਬਦਾਂ ਦਾ ਭਾਰ ਲੈ ਕੇ ਜਿੰਨਾ ਬੜਾ ਔਖਾ ਹੈ। ਸ਼ਬਦਾਂ ਤੋਂ ਮਾਰੂ ਕੋਈ ਹਥਿਆਰ ਨਹੀਂ ਜੇ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਨਾ ਵਰਤਿਆ ਜਾਵੇ। ਦੁਨੀਆਂ ਵਿੱਚ ਜਿੰਨੀਆਂ ਵੀ ਲੜਾਈਆਂ ਹੋਈਆਂ ਹਨ ਹੋਈਆਂ ਤਾਂ ਜ਼ੁਬਾਨ ਕਰਕੇ ਹੀ ਹਨ। ਜ਼ੁਬਾਨ ਗੱਲ ਨੂੰ ਕੁਝ ਦਾ ਕੁਝ ਬਣਾ ਕੇ ਪੇਸ਼ ਕਰਦੀ ਹੈ। ਇਕ ਗੱਲ ਦੇ ਅਨੇਕਾਂ ਅਰਥ ਨਿਕਲਦੇ ਹਨ। ਦੇਸ਼ ਦੇ ਸਿਆਸਤਦਾਨ ਜਦੋਂ ਬਿਆਨ ਦਿੰਦੇ ਹਨ ਉਹ ਦੂਜੇ ਦੇਸ਼ਾਂ ਨੂੰ ਆਹਤ ਕਰਦੇ ਹਨ। ਕਈ ਵਾਰ ਅਜਿਹਾ ਜ਼ਹਿਰ ਉਗਲਿਆ ਜਾਂਦਾ ਹੈ ਜੋ ਲੜਾਈ ਦੀ ਵਜ੍ਹਾ ਬਣਦਾ ਹੈ। ਇਸ ਤਰ੍ਹਾਂ ਤਲਵਾਰ ਤੋਂ ਵੱਧ ਜ਼ੁਬਾਨ ਜਾਂ ਸ਼ਬਦ ਮਾਰ ਕਰਦੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਆਪਣੇ ਸ਼ਬਦਾਂ ਨੂੰ ਨਾਪ ਤੋਲ ਕੇ ਸੋਚ ਸਮਝ ਕੇ ਬੋਲਿਆ ਜਾਵੇ।ਕਿਸੇ ਵੀ ਗੱਲ ਨੂੰ ਕਹਿਣ ਤੋਂ ਪਹਿਲਾਂ ਦਸ ਵਾਰ ਸੋਚੋ। ਜੇਕਰ ਇਸ ਦੇ ਨਤੀਜੇ ਮਾਰੂ ਨਿਕਲਦੇ ਹਨ ਅਜਿਹੇ ਸ਼ਬਦ ਨਾ ਕਹੋ। ਜੋ ਮਾਹੌਲ ਨੂੰ ਲੜਾਈ ਵਿੱਚ ਬਦਲਦੀ ਉਨ੍ਹਾਂ ਦਾ ਨਾਂ ਬੋਲਿਆ ਜਾਣਾ ਹੀ ਬਿਹਤਰ ਹੁੰਦਾ ਹੈ। ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੇ ਸ਼ਬਦਾਂ ਨੂੰ ਆਪਣੇ ਕਾਬੂ ਵਿੱਚ ਰੱਖਿਆ।ਮਨੁੱਖਤਾ ਦਾ ਸਭ ਤੋਂ ਵੱਧ ਨੁਕਸਾਨ ਲੜਾਈਆਂ ਨੇ ਨਹੀਂ ਤਲਵਾਰਾਂ ਨੇ ਨਹੀਂ ਸ਼ਬਦਾਂ ਨੇ ਕੀਤਾ ਹੈ। ਸੋਚ ਸਮਝ ਕੇ ਬੋਲੇ ਗਏ ਸ਼ਬਦ ਉਸਾਰੂ ਮਾਹੌਲ ਸਿਰ-ਜਦੇ ਹਨ। ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾਉਣ ਲਈ ਚੰਗੀ ਸ਼ਬਦਾਵਲੀ ਦਾ ਪ੍ਰਯੋਗ ਕਰੋ।ਆਪਣੀ ਜ਼ੁਬਾਨ ਤੇ ਕਾਬੂ ਰੱਖੋ। ਗੱਲ ਕਰਨ ਤੋਂ ਪਹਿਲਾਂ ਦਸ ਵਾਰ ਸੋਚੋ। ਤਲਵਾਰ ਦਾ ਜ਼ਖ਼ਮ ਤਾਂ ਭਰ ਜਾਂਦਾ ਹੈ ਪਰ ਜ਼ੁਬਾਨ ਦਾ ਨਹੀਂ।



ਹਰਪ੍ਰੀਤ ਕੌਰ ਸੰਧੂ

# ਬਦਲ ਰਹੀ ਪਿਤਾ ਦੀ ਭੂਮਿਕਾਂ

**ਸੁਰਜੀਤ ਸਿੰਘ ਫਲੋਰਾ**

ਇਤਿਹਾਸਕ ਤੌਰ 'ਤੇ, ਪਿਤਾਵਾਂ ਨੇ ਆਪਣੇ ਪਰਿਵਾਰਾਂ ਦੀ ਭਲਾਈ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਜ਼ਿਆਦਾਤਰ ਘਰਾਂ ਵਿੱਚ, ਮਰਦ ਮੁੱਖ ਤੌਰ 'ਤੇ ਕਮਾਉਣ ਵਾਲੇ ਵਜੋਂ ਕੰਮ ਕਰਦੇ ਹਨ ਅਤੇ ਆਮ ਤੌਰ 'ਤੇ ਪਰਿਵਾਰਾਂ ਦੇ ਮੁਖੀਆਂ ਦਾ ਅਹੁਦਾ ਸੰਭਾਲਦੇ ਹਨ।

ਪਿਤਾ ਅਕਸਰ ਆਪਣੇ ਪਰਿਵਾਰਾਂ ਦੇ ਆਰਾਮ ਅਤੇ ਤੰਦਰੁਸਤੀ ਨੂੰ ਆਪਣੇ ਤੋਂ ਪਹਿਲਾਂ ਰੱਖਦੇ ਹਨ, ਆਪਣੇ ਅਜ਼ੀਜ਼ਾਂ ਲਈ ਆਪਣੀ ਵਿੱਤੀ ਸਥਿਤੀ ਨੂੰ ਬਿਹਤਰ ਬਣਾਉਣ ਲਈ ਸਖ਼ਤ ਮਿਹਨਤ ਕਰਦੇ ਹਨ। ਉਹ ਆਪਣੇ ਲਈ, ਆਪਣੇ ਪਰਿਵਾਰਾਂ ਅਤੇ ਸਮਾਜ ਲਈ ਇੱਕ ਸਥਿਰ ਭਵਿੱਖ ਨੂੰ ਯਕੀਨੀ ਬਣਾਉਣ ਲਈ ਆਪਣਾ ਸਮਾਂ, ਊਰਜਾ ਅਤੇ ਪੈਸਾ ਨਿਵੇਸ਼ ਕਰਦੇ ਹਨ।

ਹਾਲਾਂਕਿ, ਇੱਕ ਪਿਤਾ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਇਸ ਬਿੰਦੂ ਤੋਂ ਪਰੇ ਹਨ, ਖਾਸ ਕਰਕੇ ਜਦੋਂ ਅਸੀਂ ਇਹਨਾਂ ਜੋਸ਼ ਭਰੇ ਸਮੇਂ ਵਿੱਚ ਨੈਵੀਗੇਟ ਕਰਦੇ ਹਾਂ। ਪਿਤਾ ਹੁਣ ਸਿਰਫ਼ ਪਰਿਵਾਰਕ ਢਾਂਚੇ ਦੇ ਅੰਦਰ ਪ੍ਰਦਾਤਾ ਅਤੇ ਅਨੁਸ਼ਾਸਨ ਦੇਣ ਵਾਲੇ ਵਜੋਂ ਸੇਵਾ ਨਹੀਂ ਕਰਦੇ। ਹਾਲ ਹੀ ਦੇ ਸਾਲਾਂ ਵਿੱਚ, ਪਿਤਾਵਾਂ ਦੀ ਭੂਮਿਕਾ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਆਈ ਹੈ, ਕਿਉਂਕਿ ਵੱਧ ਰਹੀ ਗਿਣਤੀ ਵਿੱਚ ਮਰਦ ਪੂਰੇ ਦਿਲ ਨਾਲ ਸਰਗਰਮ ਅਤੇ ਸ਼ਾਮਲ ਮਾਪਿਆਂ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਵਿੱਚ ਸ਼ਾਮਲ ਹੋ ਰਹੇ ਹਨ।

ਆਪਣੇ ਪੁੱਤਰਾਂ ਅਤੇ ਧੀਆਂ ਨਾਲ ਇਕੱਲੇ ਘੁੰਮਣ-ਫਿਰਨ ਵਿੱਚ ਸ਼ਾਮਲ ਹੋਣ ਵਾਲੇ ਪਿਤਾਵਾਂ ਵਿੱਚ ਇੱਕ ਧਿਆਨ ਦੇਣ ਯੋਗ ਵਾਧਾ ਹੋਇਆ ਹੈ। ਪਿਛਲੇ ਸਾਲਾਂ ਦੇ ਮੁਕ-ਾਬਲੇ ਆਪਣੇ ਬੱਚਿਆਂ ਸੰਬੰਧੀ ਸਕੂਲ ਮੀਟਿੰਗਾਂ ਵਿੱਚ ਪਿਤਾਵਾਂ ਦੀ ਭਾਗੀਦਾਰੀ ਵਿੱਚ ਇੱਕ ਮਹੱਤਵਪੂਰਨ ਵਾਧਾ ਹੋਇਆ ਹੈ।

ਇਹ ਸਪੱਸ਼ਟ ਹੈ ਕਿ ਪਿਤਾ ਨਰਸਰੀ ਸਕੂਲ ਸਹਿਕਾਰੀ ਸਭਾਵਾਂ ਵਿੱਚ ਵੱਧ ਤੋਂ ਵੱਧ ਸ਼ਾਮਲ ਹੋ ਰਹੇ ਹਨ, ਕਾਰਪੂਲ ਦਾ ਪ੍ਰਬੰਧਨ ਕਰ ਰਹੇ ਹਨ, ਤੈਰਾਕੀ ਮੀਟਿੰਗਾਂ ਤੋਂ ਬਾਅਦ ਆਪਣੇ ਬੱਚਿਆਂ ਦਾ ਸਮਰਥਨ ਕਰ ਰਹੇ ਹਨ, ਅਤੇ ਆਪਣੇ ਸਾਥੀਆਂ ਨਾਲ ਪਾਲਣ-ਪੋਸ਼ਣ ਦੇ ਸਖ਼ਤ ਫਰਜ਼ਾਂ ਨੂੰ ਸਰਗਰਮੀ ਨਾਲ ਸਾਂਝਾ ਕਰ ਰਹੇ ਹਨ। ਉਨ੍ਹਾਂ ਦੀ ਔਲਾਦ ਵਧੀ ਹੋਈ ਲਚਕਤਾ, ਮਜ਼ਬੂਤ ਸੁਰੱਖਿਆ ਅਤੇ ਨਤੀਜੇ ਵਜੋਂ ਵਧੇਰੇ ਨੈਤਿਕ ਇਮਾਨਦਾਰੀ ਦਾ ਪ੍ਰਦਰਸ਼ਨ ਕਰਦੀ ਹੈ। ਇਸ ਤੋਂ ਇਲਾਵਾ, ਰੁੱਝੇ ਹੋਏ ਪਿਤਾ ਦੇ ਉਭਾਰ ਨੂੰ ਕਈ ਪ੍ਰਭਾਵਾਂ ਨਾਲ ਜੋੜਿਆ ਜਾ ਸਕਦਾ ਹੈ। ਇੱਕ ਮਹੱਤਵਪੂਰਨ ਤੱਤ ਵਿਕਸਤ ਹੋ ਰਿਹਾ ਸਮਾਜਿਕ ਦ੍ਰਿਸ਼ ਹੈ, ਜਿਸ ਵਿੱਚ ਲਿੰਗ ਭੂਮਿਕਾਵਾਂ ਮੁੜ ਪਰਿਭਾਸ਼ਾ ਵਿੱਚੋਂ ਗੁਜ਼ਰ ਰਹੀਆਂ ਹਨ। ਪੁਰਸ਼ਾਂ ਨੂੰ ਵਿਸ਼ੇਸ਼ ਤੌਰ 'ਤੇ ਰੋਟੀ ਕਮਾਉਣ ਵਾਲਿਆਂ ਦੀ ਭੂਮਿਕਾ ਨਾਲ ਜੋੜਨ ਵਾਲੀਆਂ ਰਵਾਇਤੀ ਰੂੜ੍ਹੀਵਾਦੀ ਧਾਰਨਾਵਾਂ ਦਾ ਮੁਕਾਬਲਾ ਕੀਤਾ ਜਾ ਰਿਹਾ ਹੈ, ਜਿਸ ਨਾਲ ਪਿਤਾਵਾਂ ਨੂੰ ਆਪਣੇ ਬੱਚਿਆਂ ਦੇ ਜੀਵਨ ਵਿੱਚ ਵਧੇਰੇ ਸਰਗਰਮ ਅਤੇ ਸ਼ਾਮਲ ਹੋ ਕੇ ਭੂਮਿਕਾ ਨਿਭਾਉਣ ਦਾ ਦ੍ਰਿਸ ਕਾਫੀ ਸਾਹ-ਮਣੇ ਆ ਰਿਹਾ ਹੈ। ਰੁਝੇ ਹੋਏ ਪਿਤਾਪਣ ਸਧਾਰਨ ਸਰੀਰਕ ਮੌਜੂਦਗੀ ਤੋਂ ਪਰੇ ਹੈ; ਇਹ ਬੱਚੇ ਦੇ ਵਿਕਾਸ ਦੇ ਕਈ ਪਹਿਲੂਆਂ ਵਿੱਚ ਭਾਵਨਾਤਮਕ ਸਹਾਇਤਾ, ਦੇਖਭਾਲ ਅਤੇ ਸਰਗਰਮ ਸ਼ਮੂਲੀਅਤ ਨੂੰ ਸ਼ਾਮਲ ਕਰਦਾ ਹੈ। ਜਿਥੇ ਕਿ ਪਿਤਾ ਆਪਣੇ ਬੱਚਿਆਂ ਦੀਆਂ ਵਿਦਿਅਕ ਯਾਤਰਾਵਾਂ ਵਿੱਚ ਵਧੇਰੇ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ, ਸਕੂਲ ਮੀਟਿੰਗਾਂ ਵਿੱਚ ਸ਼ਾਮਲ ਹੋ ਰਹੇ ਹਨ, ਹੋਮਵਰਕ ਵਿੱਚ ਸਹਾਇਤਾ ਕਰਨ ਅਤੇ ਆਪਣੇ ਬੱਚਿਆਂ ਲਈ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕਰਨ ਵਿਚ ਹਿਸਾ ਲੈ ਰਹੇ ਹਨ। ਉਹ ਆਪਣੇ ਬੱਚਿਆਂ ਦੀ ਭਾਵਨਾਤਮਕ ਤੰਦਰੁਸਤੀ ਨੂੰ ਲਗਨ ਨਾਲ ਵਧਾ ਰਹੇ ਹਨ, ਸੁਰੱਖਿਆ ਅਤੇ ਵਿਸ਼ਵਾਸ ਦੀ ਭਾਵਨਾ ਨੂੰ ਉਤਸ਼ਾਹਿਤ ਕਰ ਰਹੇ ਹਨ ਜੋ ਉਨ੍ਹਾਂ ਦੇ ਸਮੁੱਚੇ ਵਿਕਾਸ ਨੂੰ ਵਧਾਉਂਦਾ ਹੈ। ਪਿਤਾਵਾਂ ਲਈ, ਉਨ੍ਹਾਂ ਦੇ ਬੱਚਿਆਂ ਦੇ ਜੀਵਨ ਵਿੱਚ ਸਰਗਰਮ ਭਾਗੀਦਾਰੀ ਬਹੁਤੀ ਖੁਸ਼ੀ ਅਤੇ ਪੂਰਤੀ ਦੀ ਵਧੇਰੇ ਭਾਵਨਾ ਪੈਦਾ ਕਰ ਰਹੀ ਹੈ। ਜੋ ਉਨ੍ਹਾਂ ਦੇ ਬੱਚਿਆਂ ਨਾਲ ਮਜ਼ਬੂਤ ਸਬੰਧਾਂ ਦੇ ਗਠਨ ਨੂੰ ਸਮਰੱਥ ਬਣਾਉਂਦਾ ਹੈ, ਯਾਦਾਂ ਅਤੇ ਅਨੁਭਵਾਂ ਨੂੰ ਪੈਦਾ ਕਰਦਾ ਹੈ ਜੋ ਜੀਵਨ ਭਰ ਚੱਲਦੇ ਹਨ। ਸਰਗਰਮ ਪਿਤਾ ਬਣਨ ਵਿੱਚ ਸ਼ਾਮਲ ਹੋਣਾ ਨਿੱਜੀ ਵਿਕਾਸ ਲਈ ਇੱਕ ਮੌਕਾ ਪੇਸ਼ ਕਰ ਰਿਹਾ ਹੈ, ਕਿਉਂਕਿ ਪਿਤਾ ਧੀਰਜ, ਹਮਦਰਦੀ ਅਤੇ ਕੰਮ-ਜੀਵਨ ਸੰਤੁਲਨ ਬਣਾਈ ਰੱਖਣ ਦੀ ਮਹੱਤਤਾ ਬਾਰੇ ਜ਼ਰੂਰੀ ਸੂਝ ਪ੍ਰਾਪਤ ਕਰਦੇ ਹਨ। ਇਹ ਪਿਤਾਵਾਂ ਨੂੰ ਆਪਣੇ ਬੱਚਿਆਂ ਨੂੰ ਵੱਖ-ਵੱਖ ਜੀਵਨ ਹੁਨਰਾਂ ਦੀ ਸਰਗਰਮ ਸਿੱਖਿਆ ਵਿੱਚ ਸ਼ਾਮਲ ਹੋਣ ਦਾ ਮੌਕਾ ਪ੍ਰਦਾਨ ਕਰਦਾ ਹੈ, ਉਨ੍ਹਾਂ ਨੂੰ ਭਵਿੱਖ ਲਈ ਲਚਕੀਲੇ ਵਿਅਕਤੀਆਂ ਵਿੱਚ ਢਾਲਦਾ ਹੈ। ਇਸ ਤੋਂ ਇਲਾਵਾ, ਪਿਤਾਵਾਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਜੀਵਨ ਵਿੱਚ ਜ਼ਰੂਰੀ ਯੋਗਦਾਨ ਪਾਉਣ ਵਾਲੇ ਵਜੋਂ ਵਧਦੀ ਮਾਨਤਾ ਦਿੱਤੀ ਜਾ ਰਹੀ ਹੈ, ਪਾਲਣ-ਪੋਸ਼ਣ ਅਤੇ ਘਰੇਲੂ ਫਰਜ਼ਾਂ ਦੋਵਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਵਧਦੀ ਉਮੀਦ ਦੇ ਨਾਲ। ਇਸ ਦੇ ਨਾਲ ਹੀ, ਮਾਵਾਂ ਤੋਂ ਹੁਣ ਪਰਿਵਾਰ ਦੀ ਦੇਖਭਾਲ ਦੇ ਖਰਚਿਆਂ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਜਦੋਂ ਕਿ ਪਿਤਾਵਾਂ ਨੂੰ ਪਾਲਣ-ਪੋਸ਼ਣ ਦੀਆਂ ਜ਼ਿੰਮੇਵਾਰੀਆਂ ਦਾ ਬਰਾਬਰ ਹਿੱਸਾ ਲੈਣ ਵਿੱਚ ਵੀ ਸਹਾਇਤਾ ਮਿਲਦੀ ਹੈ। ਮਰਦ ਹੁਣ ਆਪਣੇ ਬੱਚੇ ਨਾਲ ਵਧੇਰੇ ਗੱਲਬਾਤ ਕਰਦੇ ਦੇਖੇ ਗਏ ਹਨ, ਸਿਰਫ਼ 50 ਸਾਲ ਪਹਿਲਾਂ ਇੱਕ ਆਦਮੀ ਨੂੰ ਆਪਣੇ ਬੱਚਿਆਂ ਦੇ ਪਿਆਰ ਤੋਂ ਦੂਰ ਕਰ ਦਿੱਤਾ ਜਾਂਦਾ ਸੀ, ਜਦ ਕਿ ਆਪਣੇ ਬੱਚੇ ਨੂੰ ਦੁੱਧ ਪਿਲਾਉਂਦੇ ਹੋਏ, ਡਾਇਪਰ ਬਦਲਦੇ ਹੋਏ ਜਾਂ ਆਮ ਤੌਰ 'ਤੇ ਆਪਣੇ ਬੱਚਿਆਂ ਦੀ ਦੇਖਭਾਲ ਕਰਦੇ ਹੋਏ ਜਿਸਨੂੰ ਅਜੀਬ, ਗਲਤ ਸਮਝਿਆ ਜਾਂਦਾ ਸੀ ਅਤੇ ਕੋਈ ਵੀ ਮੌਕਾ ਨਹੀਂ ਸੀ ਕਿ ਉਹ ਬੱਚੇ ਨਾਲ ਖੇਡ ਸਕੇ ਅਤੇ ਘਰ ਦੇ ਬੱਚਿਆਂ ਦਾ ਮਨੋਰੰਜਨ ਕਰ ਸਕੇ। ਪਿਤਾ ਨੂੰ ਸਦਾ ਕੜਕ ਤੇ ਗੁੱਸੇ ਖੋਰ ਆਖ ਕੇ ਬੱਚਿਆਂ ਦੇ ਮਨ ਵਿਚ ਡਰ ਪੈਦਾ ਕਰ ਦਿੱਤਾ ਜਾਂਦਾ ਸੀ। ਜਿਵੇਂ ਕਿ ਇਕ ਕਹਾਵਤ ਵੀ ਪ੍ਰਚੱਲਤ ਹੈ, ਚਿੱਟੀ ਕੁੱਕੜੀ ਖੰਭ ਖਿਲਾਰੇ, ਹਾਏ ਭਾਂਪਾ ਮੈਨੂੰ ਬੀਬੀ ਮਾਰੇ । ਪਰ ਹੁਣ ਮਰਦ ਆਪਣੇ ਬੱਚਿਆਂ ਨਾਲ ਕੱਪੜੇ ਪਾਉਂਦੇ ਹਨ ਅਤੇ ਨੱਚਦੇ ਹਨ, ਖੇਡਾਂ ਖੇਡਦੇ ਹਨ, ਡਾਇਪਰ ਬਦਲਦੇ ਹਨ, ਖੁਆਉਂਦੇ ਹਨ ਅਤੇ ਬੱਚਿਆਂ ਦੀ ਦੇਖਭਾਲ ਵਿੱਚ ਆਪਣਾ ਬਣਦਾ ਹਿੱਸਾ ਪਾਉਂਦੇ ਹਨ, ਹਾਲਾਂਕਿ ਔਰਤਾਂ ਅਜੇ ਵੀ ਸ਼ੇਰਾਂ ਨਾਲ ਜੂਝ ਰਹੀਆਂ ਹਨ, ਹੁਣ ਬੱਚੇ ਦੀ ਦੇਖਭਾਲ ਵਿੱਚ ਵਧੇਰੇ ਯੋਗਦਾਨ ਪਾ ਰਹੀਆਂ ਹਨ ਅਤੇ ਆਪਣੇ ਬੱਚੇ ਨਾਲ ਗੱਲਬਾਤ ਅਤੇ ਖੇਡ ਰਹੀਆਂ ਹਨ, ਜਿਸ ਨਾਲ ਬੱਚੇ ਅਤੇ ਮਾਪੇ ਸਿਹਤਮੰਦ ਅਤੇ ਖੁਸ਼ ਹੁੰਦੇ ਹਨ। ਸਮਕਾਲੀ ਸਮਾਜ ਵਿੱਚ, ਇਹ ਪ੍ਰਚਲਿਤ ਵਿਸ਼ਵਾਸ ਹੈ ਕਿ ਮਾਵਾਂ ਪਾਲਣ-ਪੋਸ਼ਣ ਵਿੱਚ ਵਧੇਰੇ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਸਨ, ਜਿਸਦਾ ਅਰਥ ਹੈ ਕਿ ਇੱਕ ਬੱਚੇ ਨੂੰ ਆਪਣੀ ਮਾਂ ਦੀ ਲੋੜ ਹੁੰਦੀ ਹੈ ਜਦੋਂ ਕਿ ਉਹ ਪਿਤਾ ਦੇ ਰੂਪ ਤੋਂ ਬਿਨਾਂ ਜੀਵਨ ਗੁਜ਼ਾਰਨ ਦੇ ਯੋਗ ਹੁੰਦਾ ਸੀ। ਅਸੀਂ ਪਰਿਵਾਰਾਂ ਦੇ ਅੰਦਰ ਰਵਾਇਤੀ ਲਿੰਗ ਭੂਮਿਕਾਵਾਂ ਨੂੰ ਖਤਮ ਕਰਨ ਵੱਲ ਅੱਗੇ ਵਧ ਰਹੇ ਹਾਂ, ਪਿਤਾਵਾਂ 'ਤੇ ਇਕੱਲੇ ਪ੍ਰਦਾਤਾ ਵਜੋਂ ਸੇਵਾ ਕਰਨ ਦੇ ਬੋਝ ਨੂੰ ਘਟਾ ਰਹੇ ਹਾਂ, ਮਾਵਾਂ ਨੂੰ ਬਾਲ ਦੇਖਭਾਲ ਵਿੱਚ ਦਬਦਬੇ ਦੀ ਜ਼ਰੂਰਤ ਨੂੰ ਛੱਡਣ ਲਈ ਸ਼ਕਤੀ ਪ੍ਰਦਾਨ ਕਰ ਰਹੇ ਹਾਂ, ਸਾਡੇ ਮੁੰਡਿਆਂ ਨੂੰ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦੀ ਆਗਿਆ ਦੇ ਰਹੇ ਹਾਂ, ਅਤੇ ਸਾਡੀਆਂ ਕੁੜੀਆਂ ਨੂੰ ਮਹੱਤਵ ਪੂਰਨ ਨੌਕਰੀਆਂ ਦਾ ਮਾਰਗ ਦਿਖਾਉਣ ਲਈ ਪ੍ਰੇਰਿਤ ਕਰ ਰਹੇ ਹਾਂ। ਸਮਕਾਲੀ ਸਮਾਜ ਵਿੱਚ, ਪੰਜ ਦਹਾਕੇ ਪਹਿਲਾਂ ਦੇ ਮੁਕਾਬਲੇ ਪਰਿਵਾਰਾਂ ਲਈ ਜੀਵਨ ਪੱਧਰ ਵਿੱਚ ਕਾਫ਼ੀ ਵਾਧਾ ਹੋਇਆ ਹੈ। ਜਿਨ੍ਹਾਂ ਬੱਚਿਆਂ ਵਿੱਚ ਸ਼ਾਮਲ ਪਿਤਾ ਹੁੰਦੇ ਹਨ, ਉਨ੍ਹਾਂ ਵਿੱਚ ਆਤਮਵਿਸ਼ਵਾਸ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਖਾਸ ਕਰਕੇ ਜਦੋਂ ਉਹ ਦਰਸ਼ਕਾਂ ਦੇ ਸਾਹਮਣੇ ਬੋਲਦੇ ਹਨ। ਸਮਾਜਿਕ ਵਰਗ ਦੇ ਅੰਤਰਾਂ ਦੇ ਬਾਵਜੂਦ, ਉਹ ਬਹੁਤ ਜ਼ਿਆਦਾ ਸਵੈ-ਭਰੋਸੇਮੰਦ ਹੁੰਦੇ ਹਨ ਅਤੇ ਕਿਸੇ ਤੋਂ ਨਹੀਂ ਡਰਦੇ ਜਾਂ ਡਰਾਉਂਦੇ ਨਹੀਂ ਹਨ।

ਅੱਜ ਦੇ ਇਸ ਡਿਜ਼ੀਟਲ ਤੇ ਏ ਆਈ ਦੇ ਵਿਕਾਸਮਈ ਯੁਗ ਵਿਚ ਲੋੜ ਹੈ ਪਿਤਾਵਾਂ ਦੀ ਜੋ ਆਪਣੀਆਂ ਭੂਮਿਕਾਵਾਂ ਨੂੰ ਸਵੀਕਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਨਿਭਾਉਂਦੇ ਹਨ।



**SURJIT SINGH FLORA**
**6 Havelock Drive, Brampton, ON L6W 4A5 Canada**
**647-829-9397**

Namo Buddhaye



DHAMMA WAVES

Jai Bheem



Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com

Follow Us : www.Dhammawaves.com YouTube Dhammawaves
E-mail : dhammawaves.info@gmail.com



चलो बुद्ध गया
अब नहीं तो कभी नहीं
मिलेगा बौद्धों को बौद्ध गया महा बुद्ध विहार

Bhikkhu Prajnasheel Thero

**Dhamma Desna By : Bhikkhu Prajnasheel Thero**

**Topic : क्या बौद्ध ईश्वर में विश्वास करते हैं**
**Do Buddhist believe in a God?**

Topic : Present status and direction of Buddhism in India

भारत में बौद्ध धम्म की दशा और दिशा



Sunday June. 1st,2025 at 8 PM Indian Time

**Guest Speaker : Prof.Mahesh Prasad Ahirwar (Banaras)**

Prof. Mahesh Prasad Ahirwar is an eminent historian and social thinker and works as a Professor & Head in the department of Ancient Indian History, Culture and Archaeology, Banaras Hindu University, Varanasi.

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

## ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜ਼ਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com